When the PC party was away from the Brooklyn center, the tribunal camp accused some of the people of using incorrect information under a "conspiracy." The PC party, which was considered a permanent constituency seat, was defeated by a very few votes. Other such cases can be cited from the past.

The main reason is a faulty candidate nomination system, which does not want to fix the mono-ridden political parties. Sometimes small 'band-aid' steps are taken, such as the Conservative Party made it mandatory for the person to become a member paying the membership fee through their credit card. Due to this, the issue has not been resolved as one can pay such a close enough fee for the candidates and others are composed in cash. Members of political parties collect millions of dollars in this way.

To become a member of a party means that the person agrees with that party program and philosophy. But many of the thousands of candidates are not familiar with even the name of the party. It is a matter of hijacking democracy, and it also embraces many potential candidates.

In order to vote for the nomination, a 'standing' member should be prohibited from recruiting and the party concerned should have a condition of membership for a minimum of two years.

Surjit Singh Flora is a veteran journalist and freelance writer based in Brampton.
Surjit Singh Flora
6 Havelock Drive,
Brampton, ON L6W 4A5

# ਰਿਸ਼ਵਤ ਲੈਂਦਾ ਸੈਨੇਟਰੀ ਇੰਸਪੈਕਟਰ ਕਾਬੂ

ਅੰਮ੍ਰਿਤਸਰ, 20 ਮਈ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਨੇ ਕੱਲ੍ਹ ਲੋਪੋਕੇ ਦੇ ਕਮਿਊਨਿਟੀ ਹੈਲਥ ਸੈਂਟਰ ਵਿੱਚ ਲੱਗੇ ਸੈਨੇਟਰੀ ਇੰਸਪੈਕਟਰ ਇਕਬਾਲ ਸਿੰਘ ਨੂੰ ਰਿਸ਼ਵਤ ਲੈਂਦੇ ਫੜਿਆ ਹੈ।

ਇਸ ਸੰਬੰਧ ਵਿੱਚ ਦੋਸ਼ ਲਾਇਆ ਗਿਆ ਹੈ ਕਿ ਇਕਬਾਲ ਸਿੰਘ ਆਪਣੇ ਸਾਥੀ ਸੈਨੇਟਰੀ ਇੰਸਪੈਕਟਰ ਮਨਜਿੰਦਰ ਸਿੰਘ ਦੀ ਤਨਖਾਹ ਜਾਰੀ ਕਰਾਉਣ ਦੇ ਬਦਲੇ ਉਸ ਤੋਂ 10 ਹਜ਼ਾਰ ਰੁਪਏ ਲੈ ਰਿਹਾ ਸੀ। ਗ੍ਰਿਫਤਾਰ ਕੀਤੇ ਗਏ ਇਕਬਾਲ ਸਿੰਘ ਨੇ ਵਿਜੀਲੈਂਸ ਦੇ ਅੱਗੇ ਖੁਲਾਸਾ ਕੀਤਾ ਕਿ ਇਹ ਰਕਮ ਐਸ ਐਮ ਓ ਮੰਗਦੀ ਸੀ। ਵਿਜੀਲੈਂਸ ਨੇ ਐਸ ਐਮ ਓ ਡਾ. ਰੇਨੂੰ ਦੇ ਵਿਰੁੱਧ ਕੇਸ ਦਰਜ ਕਰ ਲਿਆ ਅਤੇ ਉਸ ਦੀ ਗ੍ਰਿਫਤਾਰੀ ਲਈ ਛਾਪੇ ਮਾਰੇ ਹਨ, ਪਰ ਉਹ ਅੰਡਰ ਗਰਾਊਂਡ ਹੋ ਗਈ ਹੈ। ਅਸਲ ਵਿੱਚ ਸੈਨੇਟਰੀ ਇੰਸਪੈਕਟਰ ਮਨਜਿੰਦਰ ਸਿੰਘ ਨੇ ਵਿਜੀਲੈਂਸ ਨੂੰ ਸ਼ਿਕਾਇਤ ਕੀਤੀ ਸੀ ਕਿ ਕਮਿਊਨਿਟੀ ਹੈਲਥ ਸੈਂਟਰ ਲੋਪੋਕੇ ਵਿੱਚ ਉਹ ਸੈਨੇਟਰੀ ਇੰਸਪੈਕਟਰ ਵਜੋਂ ਕੰਮ ਕਰਦੇ ਹਨ। ਉਸ ਨੂੰ ਦੋ ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ। ਇਸ ਬਾਰੇ ਉਸ ਨੇ ਸਾਥੀ ਸੈਨੇਟਰੀ ਇੰਸਪੈਕਟਰ ਇਕਬਾਲ ਸਿੰਘ ਨਾਲ ਗੱਲ ਕੀਤੀ ਤਾਂ ਕਹਿਣ ਲੱਗਾ ਕਿ ਉਹ ਤਨਖਾਹ ਰਿਲੀਜ਼ ਕਰਾ ਦੇਵੇਗਾ, ਪਰ ਇਸ ਲਈ ਦਸ ਹਜ਼ਾਰ ਰੁਪਏ ਲੱਗਣਗੇ ਅਤੇ ਇਹ ਰਕਮ ਐਸ ਐਮ ਓ ਡਾ. ਰੇਨੂੰ ਨੇ ਮੰਗੀ ਹੈ। ਕੱਲ੍ਹ ਦੁਪਹਿਰੇ ਜਦੋਂ ਇਕਬਾਲ ਸਿੰਘ ਨੇ ਮਨਜਿੰਦਰ ਸਿੰਘ ਤੋਂ ਪੈਸੇ ਲਏ ਤਾਂ ਵਿਜੀਲੈਂਸ ਟੀਮ ਨੇ ਮੌਕੇ ਉੱਤੇ ਫੜ ਲਿਆ। ਇਸ ਮਗਰੋਂ ਵਿਜੀਲੈਂਸ ਨੇ ਡਾ. ਰੇਨੂੰ ਦੀ ਗ੍ਰਿਫਤਾਰੀ ਲਈ ਛਾਪਾਮਾਰੀ ਕੀਤੀ, ਪਰ ਉਹ ਹੈਲਥ ਸੈਂਟਰ ਵਿੱਚ ਮੌਜੂਦ ਨਹੀਂ ਸੀ। ਸੈਨੇਟਰੀ ਇੰਸਪੈਕਟਰ ਇਕਬਾਲ ਸਿੰਘ ਨੇ ਇਹ ਗੱਲ ਮੰਨੀ ਹੈ ਕਿ ਰਕਮ ਐਸ ਐਮ ਓ ਡਾ. ਰੇਨੂੰ ਨੂੰ ਦੇਣੀ ਸੀ। ਜਦੋਂ ਕਮਿਊਨਿਟੀ ਹੈਲਥ ਸੈਂਟਰ ਲੋਪੋਕੇ ਵਿਚ ਛਾਪਾ ਮਾਰਿਆ, ਉਦੋਂ ਐਸ ਐਮ ਓ ਉਥੇ ਨਹੀਂ ਸੀ।








# ਸੰਪਾਦਕੀ

## ਲਿਬਰਲ ਸਰਕਾਰ ਵੱਲੋਂ ਘੱਟ ਗਿਣਤੀ ਕਮਿਊਨਿਟੀਆਂ ਦੀਆਂ ਘੱਟ ਨਿਯੁਕਤੀਆਂ

ਕੈਨੇਡੀਅਨ ਪਰੈੱਸ ਵੱਲੋਂ ਸਰਕਾਰ ਕੋਲੋਂ ਪ੍ਰਾਪਤ ਕੀਤੀ ਗਈ ਜਾਣਕਾਰੀ ਮੁਤਾਬਕ ਫੈਡਰਲ ਲਿਬਰਲ ਸਰਕਾਰ ਨੇ ਫੈਡਰਲ ਏਜੰਸੀਆਂ, ਬੋਰਡਾਂ ਅਤੇ ਹੋਰ ਸਰਕਾਰੀ ਸੰਸਥਾਵਾਂ ਵਿੱਚ ਜਿੱਥੇ ਔਰਤਾਂ ਦੀ ਨਿਯੁਕਤੀ ਦੀ ਦਰ ਨੂੰ ਵਧਾਇਆ ਹੈ, ਉੱਥੇ ਰੰਗਦਾਰ ਘੱਟ ਗਿਣਤੀ ਭਾਈਚਾਰਿਆਂ (visible minorities) ਨੂੰ ਘੱਟ ਮਾਤਰਾ ਵਿੱਚ ਨਿਯੁਕਤ ਕੀਤਾ ਹੈ। ਮਿਸਾਲ ਵਜੋਂ ਬੋਰਡਾਂ ਏਜੰਸੀਆਂ ਵਿੱਚ ਨਿਯੁਕਤੀਆਂ ਲਈ 61.6% ਰੰਗਦਾਰ ਘੱਟ ਗਿਣਤੀ ਉਮੀਦਵਾਰਾਂ ਦੀਆਂ ਅਰਜ਼ੀਆਂ ਇਹ ਆਖ ਕੇ ਰੱਦ ਕੀਤੀਆਂ ਗਈਆਂ ਕਿ ਉਹਨਾਂ ਕੋਲ ਬਣਦੀ ਯੋਗਤਾ ਨਹੀਂ ਹੈ ਜਦੋਂ ਕਿ ਜਿਹੜੇ ਉਮੀਦਵਾਰ ਘੱਟ ਗਿਣਤੀ ਨਾਲ ਸਬੰਧਿਤ ਨਹੀਂ ਹਨ, ਉਹਨਾਂ ਦੀਆਂ ਅਰਜ਼ੀਆਂ ਨੂੰ ਰੱਦ ਕਰਨ ਦੀ ਦਰ 37.6% ਪ੍ਰਤੀਸ਼ਤ ਰਹੀ ਹੈ। ਪ੍ਰਾਪਤ ਕੀਤੀ ਗਈ ਜਾਣਕਾਰੀ ਇਸ ਗੱਲ ਉੱਤੇ ਵੀ ਚਾਨਣਾ ਪਾਉਂਦੀ ਹੈ ਕਿ ਲਿਬਰਲ ਸਰਕਾਰ ਦਾ ਔਰਤਾਂ ਨੂੰ ਨਿਯੁਕਤੀਆਂ ਦੇਣ ਦਾ ਰਿਕਾਰਡ 55% ਰਿਹਾ ਹੈ।

ਘੱਟ ਗਿਣਤੀਆਂ ਮਿਲਦੀ ਅਸਫ਼ਲਤਾ ਬਾਰੇ ਇਹ ਗੱਲ ਸਾਹਮਣੇ ਨਹੀਂ ਆਈ ਹੈ ਕਿ ਕਿਹੜੀਆਂ ਗੱਲਾਂ ਦੇ ਆਧਾਰ ਉੱਤੇ ਉਹਨਾਂ ਦੀਆਂ ਅਰਜ਼ੀਆਂ ਨੂੰ ਸਹੀ ਯੋਗਤਾ ਵਾਲਾ ਨਹੀਂ ਮੰਨਿਆ ਗਿਆ। ਇਹ ਸੁਆਲ ਇਸ ਲਈ ਵੀ ਮਹੱਤਵਪੂਰਣ ਹੈ ਕਿਉਂਕਿ ਬੋਰਡਾਂ, ਏਜੰਸੀਆਂ ਅਤੇ ਸੰਸਥਾਵਾਂ ਵਿੱਚ ਨਿਯੁਕਤੀਆਂ ਬਾਰੇ ਅੰਤਮ ਫੈਸਲਾ ਬਿਊਰੋਕਰੇਸੀ ਵੱਲੋਂ ਨਹੀਂ ਸਗੋਂ ਸਬੰਧਿਤ ਮਹਿਕਮੇ ਦੇ ਮੰਤਰੀ ਵੱਲੋਂ ਕੀਤਾ ਜਾਂਦਾ ਹੈ। ਜੇ ਨਿਯੁਕਤੀਆਂ ਬਾਰੇ ਫੈਸਲੇ ਮੰਤਰੀਆਂ ਵੱਲੋਂ ਕੀਤੇ ਜਾਂਦੇ ਹਨ ਤਾਂ ਰ ਘੱਟ ਗਿਣਤੀਆਂ ਨੂੰ ਬਣਦਾ ਸਥਾਨ ਦੇਣ ਵਿੱਚ ਮੰਤਰੀ ਕੀ ਯੋਗਦਾਨ ਪਾਉਂਦੇ ਹਨ ਜਦੋਂ ਕਿ ਲਿਬਰਲ ਸਰਕਾਰ ਦਾ ਤਾਂ ਦਾਅਵਾ ਤਾਂ ਹੈ ਕਿ ਉਸਦਾ ਰੰਗਦਾਰ ਘੱਟ ਗਿਣਤੀ ਕਮਿਉਨਿਟੀਆਂ ਨਾਲ ਵਿਸ਼ੇਸ਼ ਕਰਕੇ ਵੱਧ ਹੇਜ ਹੈ? ਕੀ ਇਹ ਹੇਜ ਮਹਿਜ਼ ਵਿਖਾਵਾ ਹੈ ਜਾਂ ਇਸ ਵਿੱਚ ਕੋਈ ਦਮਖਮ ਵੀ ਹੈ?

ਚੇਤੇ ਰਹੇ ਕਿ ਪ੍ਰਧਾਨ ਮੰਤਰੀ ਅਤੇ ਵੱਖੋ ਵੱਖਰੇ ਮੰਤਰੀਆਂ ਦੇ ਦਫ਼ਤਰਾਂ ਵਿੱਚ 183 ਉਹਨਾਂ ਉਮੀਦਵਾਰਾਂ ਦੀਆਂ ਅਰਜ਼ੀਆਂ ਨਿਯੁਕਤੀ ਲਈ ਹਾਲੇ ਵੀ ਲਟਕ ਰਹੀਆਂ ਹਨ ਜਿਹਨਾਂ ਨੇ ਯੋਗਤਾ ਅਤੇ ਹੋਰ ਮਾਪਦੰਡਾਂ ਨੂੰ ਪੂਰਾ ਕੀਤਾ ਹੋਇਆ ਹੈ। ਕੀ ਸਰਕਾਰ ਇਹਨਾਂ ਲਟਕ ਰਹੀਆਂ ਨਿਯੁਕਤੀਆਂ ਨੂੰ ਚੋਣਾਂ ਦੇ ਨੇੜੇ ਜਾ ਕੇ ਭਰੇਗੀ?

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉੱਤੇ ਇਹ ਦੋਸ਼ ਅਕਸਰ ਲੱਗਦੇ ਹਨ ਕਿ ਔਰਤਾਂ ਦੀਆਂ ਵੱਧ ਮਾਤਰਾ ਵਿੱਚ ਨਿਯੁਕਤੀਆਂ ਔਰਤਾਂ ਨੂੰ ਬਰਾਬਰੀ ਦੇਣ ਦੇ ਜਜ਼ਬੇ ਨਾਲੋਂ ਚੋਣਾਂ ਵਿੱਚ ਲਾਭ ਹਿੱਤ ਵਧੇਰੇ ਕੀਤੀਆਂ ਜਾਂਦੀਆਂ ਹਨ। ਕੀ ਚੋਣਾਂ ਵੇਲੇ ਘੱਟ ਗਿਣਤੀ ਕਮਿਉਨਿਟੀਆਂ ਨਾਲ ਕੀਤੀਆਂ ਜਾਂਦੀਆਂ ਮੋਹ ਤੇਹ ਦੀਆਂ ਗੱਲਾਂ ਫੋਕੀਆਂ ਹੁੰਦੀਆਂ ਹਨ? 2015 ਤੱਕ ਬੋਰਡਾਂ ਏਜੰਸੀਆਂ ਲਈ ਨਿਯੁਕਤੀਆਂ ਕਰਨ ਦਾ ਢੰਗ ਤਰੀਕਾ ਬਹੁਤਾ ਸਪੱਸ਼ਟ ਨਹੀਂ ਸੀ ਜਿਸ ਕਾਰਣ ਬਹੁਤੀਆਂ ਪੋਸਟਾਂ ਪਾਰਟੀ ਨਾਲ ਸਬੰਧਿਤ ਸਿਆਸੀ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਹਨ। ਲਿਬਰਲ ਸਰਕਾਰ ਨੇ ਇਹ ਰੀਤੀ ਤੋੜ ਕੇ ਯੋਗਤਾ ਦੇ ਆਧਾਰ ਚੋਣ ਪ੍ਰਕਿਰਿਆ ਨੂੰ ਹੋਂਦ ਵਿੱਚ ਲਿਆਉਣ ਦਾ ਵਾਅਦਾ ਕੀਤਾ ਸੀ।

ਕੈਨੇਡਾ ਦੇ ਅੰਕੜਾ ਵਿਭਾਗ ਮੁਤਾਬਕ ਰੰਗਦਾਰ ਘੱਟ ਗਿਣਤੀ ਵਿੱਚ ਕੌਣ ਸ਼ਾਮਲ ਹੋ ਸਕਦਾ ਹੈ, ਇਸਦਾ ਫੈਸਲਾ ਕੈਨੇਡਾ ਦੇ ਇੰਪਲਾਇਮੈਂਟ ਐਕਟ ਮੁਤਾਬਕ ਪ੍ਰੀਭਾਸ਼ਿਤ ਕੀਤਾ ਜਾਂਦਾ ਹੈ। ਇਸ ਐਕਟ ਮੁਤਾਬਕ ਰੰਗਦਾਰ ਘੱਟ ਗਿਣਤੀ (visible minorities) ਲੋਕ ਉਹ ਹਨ ਜਿਹੜੇ, "ਮੂਲਵਾਸੀਆਂ ਤੋਂ ਬਿਨਾ, ਚੱਮੜੀ ਦੇ ਰੰਗ ਪੱਖੋਂ ਗੋਰੇ ਨਹੀਂ ਹੁੰਦੇ ਹਨ"। ਕੈਨੇਡਾ ਵਿੱਚ ਆਮ ਕਰਕੇ ਸਾਊਥ ਏਸ਼ੀਅਨ, ਚੀਨੀ, ਕਾਲੇ, ਫਿਲੀਪਿਨੋ, ਲਾਤੀਨੀ ਅਮਰੀਕਨ, ਅਰਬ, ਕੋਰੀਆਨ ਅਤੇ ਜਾਪਾਨੀ ਆਦਿ ਲੋਕ ਰੰਗਦਾਰ ਘੱਟ ਗਿਣਤੀ ਮੰਨੇ ਜਾਂਦੇ ਹਨ।

ਮਾਹਰਾਂ ਵੱਲੋਂ ਇਹ ਵੀ ਕਿਹਾ ਜਾਂਦਾ ਹੈ ਕਿ ਜੇ ਟਰੂਡੋ ਔਰਤਾਂ ਅਤੇ ਘੱਟ ਗਿਣਤੀ ਕਮਿਉਨਿਟੀਆਂ ਦੀ ਪਾਰਲੀਮੈਂਟ ਵਿੱਚ ਗਿਣਤੀ ਨੂੰ ਜ਼ਿਆਦਾ ਕਰਨ ਦੇ ਸੱਚਮੁੱਚ ਚਾਹਵਾਨ ਹੁੰਦੇ ਤਾਂ proportional representation (ਪ੍ਰੋਪੋਰਸ਼ਨ ਰੀਪ੍ਰਜ਼ੈਂਟੇਸ਼ਨ) ਚੋਣ ਵਿਧੀ ਨੂੰ ਅਪਣਾਇਆ ਜਾਂਦਾ। 2015 ਵਿੱਚ ਟਰੂਡੋ ਦਾ ਇਹ ਚੋਣ ਵਾਅਦਾ ਸੀ ਕਿ 2019 ਵਿੱਚ proportional representation ਵਿਧੀ ਨੂੰ ਹੋਂਦ ਵਿੱਚ ਲਿਆਂਦਾ ਜਾਵੇਗਾ। ਹੁਣ ਉਹ ਇਸ ਵਾਅਦੇ ਆਪਣੇ ਹੱਥ ਪਿਛਾਂਹ ਖਿੱਚ ਚੁੱਕੇ ਹਨ। ਵਰਣਨਯੋਗ ਹੈ ਕਿ ਬੇਸ਼ੱਕ ਟਰੂਡੋ ਨੇ ਆਪਣੀ ਵਜ਼ਾਰਤ ਵਿੱਚ ਔਰਤਾਂ ਨੂੰ ਵੱਧ ਥਾਂ ਦੇ ਕੇ ਚੰਗਾ ਕਦਮ ਚੁੱਕਿਆ ਹੈ ਪਰ ਸਾਡੀ ਪਾਰਲੀਮੈਂਟ ਵਿੱਚ ਔਰਤਾਂ ਦੀ ਨਫ਼ਰੀ ਮਹਿਜ਼ 25.3% ਹੈ। ਇਸਦੇ ਮੁਕਾਬਲੇ ਰਵਾਂਡਾ (63%), ਬੋਲੀਵੀਆ (53%) ਅਤੇ ਸਵੀਡਨ (43%) ਵਰਗੇ ਦੇਸ਼ ਸਾਡੇ ਤੋਂ ਕਿਤੇ ਅੱਗੇ ਹਨ।

ਚਾਹੀਦਾ ਤਾਂ ਇਹ ਹੈ ਕਿ ਸਰਕਾਰ ਲੋਕ-ਪ੍ਰਿਅਤਾ ਦਾ ਭੁਲੇਖਾ ਪਾਉਣ ਵਾਲੇ ਚੌਕੇ ਛੱਕਿਆਂ ਦਾ ਲੋਭ ਛੱਡ ਕੇ ਜ਼ਮੀਨੀ ਪੱਧਰ ਉੱਤੇ ਠੋਸ ਕਦਮ ਚੁੱਕੇ। ਕੈਨੇਡਾ ਵਿੱਚ ਘੱਟ ਗਿਣਤੀ ਕਮਿਉਨਿਟੀਆਂ ਨੂੰ ਅੱਗੇ ਵੱਧਣ ਦੇ ਅਵਸਰ ਦੇਣ ਲਈ ਕੁੱਝ ਵਿਸ਼ੇਸ਼ ਕਦਮ ਚੁੱਕੇ ਜਾਣ ਦੀ ਲੋੜ ਹੈ ਕਿਉਂਕਿ ਇਹ 2019 ਹੈ।

## ਮੰਗਣੀ ਟੁੱਟਣ ਤੋਂ ਦੁਖੀ ਲੜਕੀ ਵੱਲੋਂ ਖੁਦਕੁਸ਼ੀ

ਅਜਨਾਲਾ, 20 ਮਈ (ਪੋਸਟ ਬਿਊਰੋ)- ਥਾਣਾ ਰਾਜਾਸਾਂਸੀ ਦੇ ਪਿੰਡ ਰਾਣੇਵਾਲੀ ਵਿੱਚ ਇੱਕ ਲੜਕੀ ਨੇ ਮੰਗਣੀ ਟੁੱਟਣ ਤੋਂ ਦੁਖੀ ਹੋ ਕੇ ਜ਼ਹਿਰੀਲੀਆਂ ਗੋਲੀਆਂ ਨਿਗਲ ਲਈਆਂ, ਜਿਸ ਕਾਰਨ ਉਸ ਦੀ ਮੌਤ ਹੋ ਗਈ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਸਿਮਰਜੀਤ ਕੌਰ ਪਤਨੀ ਸੁਰਜਨ ਸਿੰਘ ਨੇ ਦੱਸਿਆ ਕਿ ਉਸ ਦੇ ਤਿੰਨ ਬੱਚਿਆਂ ਵਿੱਚੋਂ ਮਨਪ੍ਰੀਤ ਸਭ ਤੋਂ ਵੱਡੀ ਲੜਕੀ ਸੀ, ਜੋ ਅੰਮ੍ਰਿਤਸਰ ਵਿੱਚ ਬੈਂਕ ਵਿੱਚ ਨੌਕਰੀ ਕਰਦੀ ਸੀ। 14 ਜਨਵਰੀ 2019 ਨੂੰ ਮਨਪ੍ਰੀਤ ਦੀ ਹਰਮਨ ਸਿੰਘ ਪੁੱਤਰ ਮਨਮੋਹਨ ਸਿੰਘ ਪਿੰਡ ਡਿਆਲ ਭੱਟੀ ਨਾਲ ਅਜਨਾਲਾ ਦੇ ਇੱਕ ਗੁਰਦੁਆਰਾ ਸਾਹਿਬ ਵਿੱਚ ਮੰਗਣੀ ਹੋਈ ਸੀ। ਲੜਕੇ ਦੇ ਪਰਵਾਰ ਨੇ ਕਿਹਾ ਸੀ ਕਿ ਲੜਕਾ ਬੀ ਡੀ ਓ ਬਲਾਕ ਰਮਦਾਸ ਵਿੱਚ ਨੌਕਰੀ ਕਰਦਾ ਹੈ ਤੇ ਬਾਅਦ ਵਿੱਚ ਜਦ ਉਹ ਵਿਆਹ ਲਈ ਹਰਮਨ ਤੇ ਉਸ ਦੇ ਪਰਵਾਰ ਤੋਂ ਪੁੱਛਦੇ ਸਨ ਤਾਂ ਉਹ ਵਾਰ-ਵਾਰ ਟਾਲ-ਮਟੋਲ ਕਰਦੇ ਸਨ। ਉਨ੍ਹਾਂ ਨੂੰ ਪਤਾ ਲੱਗਾ ਕਿ ਹਰਮਨ ਥੋੜ੍ਹੇ ਦਿਨ ਪਹਿਲਾਂ ਵਿਦੇਸ਼ ਖਿਸਕ ਗਿਆ ਹੈ। ਵਾਰ-ਵਾਰ ਪਰਵਾਰ ਨਾਲ ਗੱਲ ਕਰਨ 'ਤੇ ਪਹਿਲਾਂ ਉਨ੍ਹਾਂ ਨੇ ਲੜਕੀ ਵਾਲਿਆਂ ਦਾ ਫੋਨ ਚੁੱਕਣਾ ਬੰਦ ਕਰ ਦਿੱਤਾ ਅਤੇ ਸਾਰੇ ਮੋਬਾਈਲ ਨੰਬਰ ਬਲਾਕ ਲਿਸਟ ਵਿਚ ਪਾ ਦਿੱਤੇ। ਫਿਰ ਇੱਕ ਦਿਨ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦਾ ਲੜਕਾ ਵਿਦੇਸ਼ ਚਲਾ ਗਿਆ ਹੈ ਅਤੇ ਉਨ੍ਹਾਂ ਦੀ ਲੜਕੀ ਦਾ ਉਨ੍ਹਾਂ ਦੇ ਬੇਟੇ ਨਾਲ ਕੋਈ ਮੇਲ ਨਹੀਂ ਹੈ, ਜਿਸ ਕਾਰਨ ਉਹ ਆਪਣੇ ਲੜਕੇ ਦਾ ਵਿਆਹ ਕਿਤੇ ਹੋਰ ਕਰਨਗੇ। ਇਸੇ ਗੱਲ ਬਾਰੇ ਮਨਪ੍ਰੀਤ ਦਿਨਾਂ ਤੋਂ ਕਾਫੀ ਪ੍ਰੇਸ਼ਾਨ ਸੀ। ਸ਼ਨੀਵਾਰ ਦੁਪਹਿਰ ਕਰੀਬ ਤਿੰਨ ਵਜੇ ਮਨਪ੍ਰੀਤ ਦੀ ਮਾਂ ਘਰ ਦੇ ਬਰਾਂਡੇ ਵਿੱਚ ਸੁੱਤੀ ਹੋਈ ਸੀ ਅਤੇ ਲੜਕੀ ਮਨਪ੍ਰੀਤ ਅੰਦਰ ਸੁੱਤੀ ਸੀ। ਜਦ ਉਹ ਅਚਾਨਕ ਅੰਦਰ ਗਈ ਤਾਂ ਦੇਖਿਆ ਕਿ ਮਨਪ੍ਰੀਤ ਬੇਹੋਸ਼ ਸੀ ਅਤੇ ਉਸ ਨੇ ਦੱਸਿਆ ਕਿ ਉਸ ਨੇ ਆਪਣੇ ਮੰਗੇਤਰ ਹਰਮਨ ਅਤੇ ਉਸ ਦੇ ਪਰਵਾਰ ਤੋਂ ਦੁਖੀ ਹੋ ਕੇ ਜ਼ਹਿਰੀਲੀਆਂ ਗੋਲੀਆਂ ਖਾ ਲਈਆਂ ਹਨ। ਮਨਪ੍ਰੀਤ ਨੂੰ ਰਾਜਾਸਾਂਸੀ ਦੇ ਨਿੱਜੀ ਹਸਪਤਾਲ ਵਿੱਚ ਲੈ ਕੇ ਗਏ ਜਿੱਥੇ ਕੁਝ ਸਮੇਂ ਬਾਅਦ ਉਸ ਦੀ ਮੌਤ ਹੋ ਗਈ। ਇਸ ਬਾਰੇ ਏ ਐੱਸ ਆਈ ਪਰਗਟ ਸਿੰਘ ਨੇ ਦੱਸਿਆ ਕਿ ਲੜਕੀ ਦੀ ਮਾਂ ਦੇ ਬਿਆਨਾਂ ਦੇ ਆਧਾਰ 'ਤੇ ਲੜਕੇ ਹਰਮਨ ਸਿੰਘ, ਉਸ ਦੇ ਪਿਤਾ ਮਨਮੋਹਨ ਸਿੰਘ, ਮਾਤਾ ਸੁਖਵਿੰਦਰ ਕੌਰ, ਭਰਾ ਦਮਨਪ੍ਰੀਤ ਸਿੰਘ 'ਤੇ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵੱਲੋਂ ਕਰਵਾਏ ਗਏ ਕਬੱਡੀ ਟੂਰਨਾਮੈਂਟ ਦੀ ਓਂਟਾਰੀਓ ਕਬੱਡੀ ਫੈਡਰੇਸ਼ਨ ਵੱਲੋਂ ਨਿਖੇਧੀ

...ਪੰਨਾ 1 ਦਾ ਬਾਕੀ

ਉਨ੍ਹਾਂ ਕਿਹਾ ਕਿ ਅੱਗੇ ਤੋਂ ਸਾਡੀ ਪੂਰੀ ਕੋਸ਼ਿਸ਼ ਹੋਵੇਗੀ ਕਿ ਕਬੱਡੀ ਤੋਂ ਪਹਿਲਾਂ ਸਾਰੇ ਖਿਡਾਰੀਆਂ ਦੇ ਪਰੌਪਰ ਡਰੱਗ ਟੈਸਟ ਕਰਵਾਏ ਜਾਣ। ਬੀਸੀ ਯੁਨਾਈਟਡ ਕਬੱਡੀ ਫੈਡਰੇਸ਼ਨ ਦੇ ਲੱਖਾ ਗਾਜੀਪੁਰ ਨੇ ਸਾਡੇ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਅਸੀਂ ਬਿਲਕੁਲ ਇਸ ਟੂਰਨਾਮੈਂਟ ਦਾ ਸਾਥ ਨਹੀ ਦਿੱਤਾ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਅਸੀ ਟੂਰਨਾਮੈਂਟ ਉਤੇ ਗਏ ਸੀ ਬਿੱਟੂ ਦੁਗਾਲ ਲਈ ਉਗਰਾਹੀ ਕਰਨ। ਇਸ ਤੋਂ ਵੱਧ ਅਸੀਂ ਇਸ ਟੂਰਨਾਮੈਂਟ ਵਿਚ ਆਪਣਾ ਹੋਰ ਕੋਈ ਹਿੱਸਾ ਨਹੀ ਪਾਇਆ। ਉਨ੍ਹਾਂ ਨੇ ਵੀ ਗੁਰੂਘਰ ਦੀ ਕਮੇਟੀ ਦੀ ਨਿਖੇਧੀ ਕੀਤੀ, ਜਿਨ੍ਹਾਂ ਕਬੱਡੀ ਫੈਡਰੇਸ਼ਨਾਂ ਤੋ ਬਾਹਰ ਹੋ ਕੇ ਤੇ ਡਰੱਗ ਨੂੰ ਰੋਕਣ ਲਈ ਚੁੱਕੇ ਕਦਮਾਂ ਦਾ ਸਾਥ ਨਾ ਦਿੰਦਿਆਂ ਇਹ ਟੂਰਨਾਮੈਂਟ ਕਰਵਾਉਣ ਵਿਚ ਰੋਲ ਨਿਭਾਇਆ।

ਓਂਟਾਰੀਓ ਕਬੱਡੀ ਫੈਡਰੇਸ਼ਨ ਦੇ ਸੈਕਟਰੀ ਸੱਤਾ ਚਾਹਲ ਨੇ ਸਾਡੇ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਬਹੁਤ ਹੀ ਨਿਖੇਧੀ ਕਰਨ ਵਾਲੀ ਗੱਲ ਹੈ ਕਿ ਜਿਸ ਕਬੱਡੀ ਨੂੰ ਡਰੱਗਜ ਮੁਕਤ ਕਰਨ ਲਈ ਸਾਡੀਆਂ ਕਬੱਡੀ ਦੀਆਂ ਸੰਸਥਾਵਾਂ ਵਲੋਂ ਮੁਹਿੰਮ ਸ਼ੁਰੂ ਕੀਤੀ ਗਈ ਸੀ, ਉਸ ਦੀ ਉਲੰਘਣਾ ਇਕ ਗੁਰਦੁਆਰਾ ਕਮੇਟੀ ਵਲੋਂ ਕੀਤੀ ਗਈ। ਉਨ੍ਹਾਂ ਕਿਹਾ ਕੋਈ ਆਮ ਕਲੱਬ ਇਸ ਤਰ੍ਹਾਂ ਟੂਰਨਾਮੈਂਟ ਕਰਵਾ ਜਾਂਦੀ ਤਾਂ ਗੱਲ ਵੱਖਰੀ ਸੀ, ਪਰ ਹੁਣ ਜਦੋਂ ਇਕ ਗੁਰੂ ਘਰ ਨੇ ਹੀ ਇਸ ਮੁਹਿੰਮ ਨੂੰ ਖੋਰਾ ਲਾ ਦਿੱਤਾ ਤਾਂ ਗੱਲ ਹੋਰ ਵੀ ਨਿਖੇਧੀ ਕਰਨ ਵਾਲੀ ਹੋ ਸਕਦੀ ਹੈ। ਉਨ੍ਹਾਂ ਕੋਲੋਂ ਇਹ ਪੁਛੇ ਜਾਣ ਉਤੇ ਕਿ ਕੀ ਟੋਰਾਂਟੋ ਵਿਚ ਅਜਿਹੇ ਟੂਰਨਾਮੈਂਟ ਹੋ ਸਕਦੇ ਹਨ ਤਾਂ ਉਨ੍ਹਾਂ ਕਿਹਾ ਕਿ ਬਿਲਕੁਲ ਨਹੀ, ਸਾਡੀ ਫੈਡਰੇਸ਼ਨ ਇਥੇ ਟੂਰਨਾਮੈਂਟ ਆਯੋਜਿਤ ਕਰਨ ਲਈ ਬਿਲਕੁਲ ਵੀ ਕਿਸੇ ਦਾ ਸਾਥ ਨਹੀਂ ਦੇਵੇਗੀ। ਸੱਤਾ ਚਾਹਲ ਨੇ ਇਹ ਵੀ ਗੱਲ ਮੰਨੀ ਕਿ ਵੈਨਕੂਵਰ ਦੀਆਂ 3 ਫੈਡਰੇਸ਼ਨਾਂ ਨਹੀਂ ਸਿਰਫ ਇਕ ਹੀ ਫੈਡਰੇਸ਼ਨ ਹੈ, ਜੋ ਸਾਡੇ ਫੈਸਲੇ ਦੇ ਥੋੜਾ ਖਿਲਾਫ ਭੁਗਤ ਰਹੀ ਹੈ। ਬਾਕੀ ਦੋ ਫੈਡਰੇਸ਼ਨਾਂ ਸਾਡੇ ਨਾਲ ਖੜ੍ਹੀਆਂ ਹਨ ਤੇ ਕਬੱਡੀ ਨੂੰ ਡਰੱਗ ਫ੍ਰੀ ਕਰਨ ਵਿਚ ਆਪਣਾ ਨਿਰੰਤਰ ਯੋਗਦਾਨ ਪਾ ਰਹੀਆਂ ਹਨ।

ਭਰੋਸੇਯੋਗ ਸੂਤਰਾਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਇਸ ਸਾਲ ਸਰਕਾਰ ਨੇ ਕਬੱਡੀ ਖਿਡਾਰੀਆਂ ਨੂੰ ਵੀਜੇ ਦੇਣ ਦਾ ਪਾਇਲਟ ਪ੍ਰਾਜੈਕਟ ਵੀ ਰੱਦ ਕਰ ਦਿੱਤਾ ਹੈ ਤੇ ਇਸ ਸਾਲ ਕਬੱਡੀ ਫੈਡਰੇਸ਼ਨਾਂ ਵਲੋਂ ਕਿਸੇ ਵੀ ਕਬੱਡੀ ਖਿਡਾਰੀਆਂ ਨੂੰ ਸੱਦਣ ਲਈ ਇਮੀਗ੍ਰੇਸ਼ਨ ਵਿਭਾਗ ਨੂੰ ਨਾਮ ਨਹੀ ਭੇਜੇ ਜਾਣਗੇ। ਜੇਕਰ ਅਜਿਹਾ ਹੁੰਦਾ ਹੈ ਤਾਂ ਬ੍ਰਿਟਿਸ ਕੋਲੰਬੀਆਂ ਦੀਆਂ ਕਬੱਡੀ ਫੈਡੇਰਸਨਾਂ ਕੋਲ ਖਿਡਾਰੀ ਕਿਥੋਂ ਆਉਣਗੇ ਜਾਂ ਫੇਰ ਉਨ੍ਹਾਂ ਨੂੰ ਕਿਹੜੇ ਆਗੂ ਖਿਡਾਰੀ ਮੰਗਵਾ ਕੇ ਦੇਣਗੇ, ਇਹ ਵੀ ਇਕ ਪ੍ਰਸ਼ਨ ਚਿੰਨ੍ਹ ਬਣ ਚੁੱਕਿਆ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਅਮਰੀਕਾ ਨੇ ਕੈਨੇਡਾ 'ਤੇ ਲਾਏ ਸਟੀਲ ਤੇ ਐਲੂਮੀਨੀਅਮ ਟੈਰਿਫ ਹਟਾਏ

...ਪੰਨਾ 1 ਦਾ ਬਾਕੀ

ਇਸ ਫੈਸਲੇ ਤੋਂ ਬਾਅਦ ਸੋਮਵਾਰ ਨੂੰ ਕੈਨੇਡਾ ਦੇ ਵਿੱਤ ਮੰਤਰੀ ਬਿੱਲ ਮੌਰਨਿਊ ਨੇ ਆਖਿਆ ਕਿ ਜਵਾਬੀ ਕਾਰਵਾਈ ਵਜੋਂ ਅਮਰੀਕਾ ਦੇ ਸਟੀਲ ਤੇ ਐਲੂਮੀਨੀਅਮ ਦੇ ਨਾਲ ਨਾਲ 70 ਹੋਰਨਾਂ ਵਸਤਾਂ ਉੱਤੇ ਕੈਨੇਡਾ ਵੱਲੋਂ ਲਾਏ ਗਏ ਟੈਰਿਫਜ਼ ਵੀ ਇਸ ਦੌਰਾਨ ਹਟਾ ਲਏ ਗਏ ਹਨ। ਲਿਖਤੀ ਬਿਆਨ ਵਿੱਚ ਮੌਰਨਿਊ ਨੇ ਆਖਿਆ ਕਿ ਟੈਰਿਫਜ਼ ਹਟਾਏ ਜਾਣਾ ਸਾਰਿਆਂ ਲਈ ਹੀ ਖੁਸ਼ੀ ਦੀ ਖਬਰ ਹੈ। ਖਾਸਤੌਰ ਉੱਤੇ ਕੈਨੇਡੀਅਨ ਤੇ ਅਮਰੀਕੀ ਵਰਕਰਜ਼, ਸਾਡੀਆਂ ਕਮਿਊਨਿਟੀਜ਼ ਤੇ ਸਾਡੇ ਅਰਥਚਾਰਿਆਂ ਲਈ ਇਹ ਬਹੁਤ ਹੀ ਵਧੀਆ ਖਬਰ ਹੈ।

ਐਤਵਾਰ ਸ਼ਾਮ ਨੂੰ ਟਰੰਪ ਨੇ ਵੀ ਇਹ ਟਵੀਟ ਕੀਤਾ ਸੀ ਕਿ ਅਮਰੀਕੀ ਕਿਸਾਨ ਮੈਕਸਿਕੋ ਤੇ ਕੈਨੇਡਾ ਨਾਲ ਵਪਾਰ ਸ਼ੁਰੂ ਕਰ ਸਕਦੇ ਹਨ। ਟਰੰਪ ਨੇ ਆਖਿਆ ਕਿ ਦੋਵਾਂ ਦੇਸ਼ਾਂ ਨੇ ਆਪਣੀਆਂ ਟੈਰਿਫ ਪੈਨਲਟੀਜ਼ ਵਾਪਸ ਲੈ ਲਈਆਂ ਹਨ । ਪਰ ਉਨ੍ਹਾਂ ਆਪਣੇ ਕਿਸਾਨਾਂ ਨੂੰ ਇਹ ਵੀ ਆਖਿਆ ਕਿ ਇਹ ਧਿਆਨ ਰੱਖਣ ਕਿ ਉਨ੍ਹਾਂ ਨਾਲ ਸਹੀ ਵਿਵਹਾਰ ਹੋਵੇ।

## ਏ ਟੀ ਐੱਮ ਨੂੰ ਸੰਗਲ ਬੰਨ੍ਹ ਕੇ ਵੈਨ ਨਾਲ ਖਿੱਚਿਆ, ਲੋਕ ਆਉਂਦੇ ਵੇਖ ਕੇ ਲੁਟੇਰੇ ਭੱਜੇ

ਆਨੰਦਪੁਰ ਸਾਹਿਬ, 20 ਮਈ (ਪੋਸਟ ਬਿਊਰੋ)- ਕੱਲ੍ਹ ਰਾਤ ਖਾਲਸਾ ਕਾਲਜ ਆਨੰਦਪੁਰ ਸਾਹਿਬ ਨੇੜੇ ਐੱਸ ਬੀ ਆਈ (ਸਟੇਟ ਬੈਂਕ ਆਫ ਇੰਡੀਆ) ਦੇ ਏ ਟੀ ਐੱਮ ਦੀ ਭੰਨਤੋੜ ਕਰ ਕੇ ਲੁੱਟਣ ਦੀ ਕੋਸ਼ਿਸ਼ ਕੀਤੀ ਗਈ, ਪਰ ਲੋਕਾਂ ਦੇ ਆ ਜਾਣ ਨਾਲ ਲੁਟੇਰੇ ਕਾਮਯਾਬ ਨਹੀਂ ਹੋ ਸਕੇ ਅਤੇ ਦੌੜ ਗਏ।

ਥਾਣਾ ਸਿਟੀ ਆਨੰਦਪੁਰ ਸਾਹਿਬ ਦੇ ਇੰਚਾਰਜ ਸਰਬਜੀਤ ਸਿੰਘ ਨੇ ਦੱਸਿਆ ਕਿ ਕੱਲ੍ਹ ਤੜਕੇ ਕੁਝ ਅਣਪਛਾਤੇ ਲੁਟੇਰਿਆਂ ਨੇ ਖਾਲਸਾ ਕਾਲਜ ਦੇ ਸਾਹਮਣੇ ਭਾਰਤੀ ਸਟੇਟ ਬੈਂਕ ਦੇ ਏ ਟੀ ਐੱਮ ਦੀ ਭੰਨਤੋੜ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਰਿਕਵਰੀ ਵੈਨ ਦੇ ਸੰਗਲ ਨਾਲ ਏ ਟੀ ਐੱਮ ਨੂੰ ਬੰਨ੍ਹ ਕੇ ਮਸ਼ੀਨ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ। ਨੇੜੇ ਦੇ ਦੁਕਾਨਦਾਰਾਂ ਨੂੰ ਕੁਝ ਟੁੱਟਣ ਦੀ ਆਵਾਜ਼ ਸੁਣੀ ਤਾਂ ਉਹ ਘਰਾਂ ਤੋਂ ਬਾਹਰ ਨਿਕਲੇ, ਜਿਨ੍ਹਾਂ ਨੂੰ ਦੇਖ ਕੇ ਲੁਟੇਰੇ ਰਿਕਵਰੀ ਵੈਨ ਨੂੰ ਉਥੇ ਹੀ ਛੱਡ ਕੇ ਭੱਜ ਗਏ। ਇਸ ਦੇ ਬਾਦਅ ਲੁੱਟ ਦੀ ਜਾਣਕਾਰੀ ਪੁਲਸ ਨੂੰ ਦਿੱਤੀ ਗਈ। ਪੁਲਸ ਨੇ ਰਿਕਵਰੀ ਵੈਨ ਨੂੰ ਕਬਜ਼ੇ ਵਿੱਚ ਲੈ ਲਿਆ, ਜੋ ਰਾਜਪੁਰਾ ਜ਼ਿਲ੍ਹਾ ਪਟਿਆਲਾ ਤੋਂ ਚੋਰੀ ਹੋਈ ਦੱਸੀ ਗਈ ਹੈ। ਓਥੇ ਮੌਜੂਦ ਲੋਕਾਂ ਨੇ ਲੁਟੇਰਿਆਂ ਦੀ ਗਿਣਤੀ ਤਿੰਨ ਦੱਸੀ ਹੈ, ਜਿਨ੍ਹਾਂ ਦੇ ਮੂੰਹ ਢਕੇ ਹੋਏ ਸਨ ਅਤੇ ਸਿਰ 'ਤੇ ਟੋਪੀਆਂ ਪਾਈਆਂ ਸਨ। ਪੁਲਸ ਨੇ ਲੁਟੇਰਿਆਂ ਦੇ ਖਿਲਾਫ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਏ ਟੀ ਐਮ ਵਿੱਚ 15 ਲੱਖ 61 ਹਜ਼ਾਰ ਰੁਪਏ ਦੇ ਕਰੀਬ ਰਾਸ਼ੀ ਸੀ।

## ਨਰਿੰਦਰ ਮੋਦੀ ਨੇ ਜਿਸ ਗੁਫਾ ਵਿੱਚ ਸਾਧਨਾ ਕੀਤੀ, ਉਹ ਆਧੁਨਿਕ ਸਹੂਲਤਾਂ ਨਾਲ ਲੈੱਸ

ਨਵੀਂ ਦਿੱਲੀ, 20 ਮਈ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਤਰਾਖੰਡ ਦੇ ਕੇਦਾਰਨਾਥ ਵਿੱਚ ਜਿਸ ਗੁਫਾ ਵਿੱਚ ਧਿਆਨ ਲਗਾਇਆ ਸੀ, ਉਹ ਆਧੁਨਿਕ ਸਹੂਲਤਾਂ ਨਾਲ ਲੈਸ ਹੈ। ਇਸ ਨੂੰ ਪ੍ਰਤੀਦਿਨ 990 ਰੁਪਏ ਵਿੱਚ ਬੁਕ ਕਰਾਇਆ ਜਾ ਸਕਦਾ ਹੈ ਅਤੇ ਲੋਕ ਬੁਕਿੰਗ ਕਰਵਾਉਣ ਲੱਗ ਪਏ ਹਨ।

ਇੱਕ ਰਿਪੋਰਟ ਮੁਤਾਬਕ ਪਿਛਲੇ ਸਾਲ ਕੇਦਾਰਨਾਥ ਵਿੱਚ ਬਣੀ ਪ੍ਰਬੰਧਾਂ ਵਾਲੀ ਗੁਫਾ ਪ੍ਰਫੁੱਲਤ ਕਰਨ ਦੀ ਰਣਨੀਤੀ ਤਹਿਤ ਕੁਝ ਪ੍ਰਬੰਧਾਂ ਨੂੰ ਘਟਾ ਦਿੱਤਾ ਸੀ। ਜੀ ਐੱਮ ਵੀ ਐੱਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੋਦੀ ਦੇ ਸੁਝਾਅ ਦੇਣ ਤੋਂ ਬਾਅਦ ਗੁਫਾ ਬਣਾਈ ਗਈ ਸੀ ਅਤੇ ਇਹ ਕੇਦਾਰਨਾਥ ਮੰਦਰ ਦੇ ਲਗਭਗ ਇੱਕ ਕਿਲੋਮੀਟਰ ਉਪਰ ਹੈ। ਇਸ ਗੁਫਾ ਨੂੰ ਪੱਥਰਕੱਟ ਕੇ ਬਣਾਇਆ ਗਿਆ ਹੈ। ਮੋਦੀ ਜਦੋਂ ਧਿਆਨ ਲਾ ਰਹੇ ਸਨ ਤਾਂ ਉਸ ਸਮੇਂ ਗੁਫਾ ਦੇ ਬਾਹਰ ਐੱਸ ਪੀ ਜੀ ਸੁਰੱਖਿਆ ਦਿੱਤੀ ਗਈ ਸੀ। ਪਹਿਲਾਂ ਇਸ ਗੁਫਾ ਦਾ ਕਿਰਾਇਆ 3000 ਰੁਪਏ ਸੀ। ਜਦੋਂ ਇਸ ਦੀ ਕੋਈ ਮੰਗ ਹੀ ਨਹੀਂ ਹੋਈ ਤਾਂ ਇਸ ਦਾ ਕਿਰਾਇਆ ਘਟਾ ਕੇ 990 ਰੁਪਏ ਪ੍ਰਤੀਦਿਨ ਕਰ ਦਿੱਤਾ ਗਿਆ। ਜੀ ਐੱਮ ਵੀ ਐੱਨ ਦੇ ਜਨਰਲ ਮੈਨੇਜਰ ਬੀ ਐੱਲ ਰਾਣਾ ਨੇ ਕਿਹਾ ਕਿ ਪਿਛਲੇ ਸਾਲ ਜਦੋਂ ਗੁਫਾ ਨੂੰ ਬੁਕਿੰਗ ਲਈ ਖੋਲ੍ਹਿਆ ਗਿਆ ਸੀ ਤਾਂ ਕੋਈ ਲੋਕ ਨਹੀਂ ਆਏ। ਪਹਿਲਾਂ ਇਸ ਨੂੰ ਤਿੰਨ ਦਿਨਾਂ ਲਈ ਵੀ ਬੁਕ ਕੀਤਾ ਜਾ ਸਕਦਾ ਸੀ, ਪਰ ਫਿਰ ਇਸ ਨੂੰ ਬਦਲ ਕੇ ਇੱਕ ਦਿਨ ਦੀ ਬੁਕਿੰਗ ਹੀ ਕੀਤੀ ਗਈ। ਇਥੇ ਬਿਜਲੀ ਪਾਣੀ ਅਤੇ ਗੁਸਲਖਾਨਾ ਵੀ ਹੈ।

## ਵੋਟ ਪਾਉਣ ਜਾ ਰਹੇ ਨੌਜਵਾਨ ਦਾ ਕਤਲ

ਖਡੂਰ ਸਾਹਿਬ, 20 ਮਈ (ਪੋਸਟ ਬਿਊਰੋ)- ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਵਿਧਾਨ ਸਭਾ ਹਲਕਾ ਬਾਬਾ ਬਕਾਲਾ ਦੇ ਪਿੰਡ ਸਰਲੀ ਕਲਾਂ ਵਿਖੇ ਵੋਟ ਪਾਉਣ ਜਾ ਰਹੇ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ।

ਮਿਲੀ ਜਾਣਕਾਰੀ ਅਨੁਸਾਰ ਬੰਟੀ ਸਿੰਘ ਪੁੱਤਰ ਚਰਨਜੀਤ ਸਿੰਘ ਆਪਣੇ ਘਰ ਤੋਂ ਵੋਟ ਪਾਉਣ ਜਾ ਰਿਹਾ ਸੀ ਕਿ ਘਰ ਦੇ ਬਾਹਰ ਪਿੰਡ ਦੇ ਕੁਝ ਨੌਜਵਾਨਾਂ ਨੇ ਦਾਤਰ ਨਾਲ ਧੌਣ ਤੇ ਹਮਲਾ ਕਰ ਕੇ ਬੰਟੀ ਸਿੰਘ ਦਾ ਕਤਲ ਕਰ ਦਿੱਤਾ ਅਤੇ ਹਮਲਾਵਰ ਮੌਕੇ ਤੋਂ ਫਰਾਰ ਹੋ ਗਏ। ਮੌਕੇ 'ਤੇ ਪੁੱਜੀ ਸਥਾਨਕ ਪੁਲਸ ਵੱਲੋਂ ਲਾਸ਼ ਨੂੰ ਕਬਜ਼ੇ ਵਿੱਚ ਲੈ ਲਿਆ ਗਿਆ ਸੀ। ਬੰਟੀ ਸਿੰਘ ਦਾ ਕਤਲ ਕਿਉਂ ਕੀਤਾ ਗਿਆ ਹੈ, ਫਿਲਹਾਲ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।


















# ਮੁਰਾਦ-ਮੰਦਰ ਹੈ ਮਾਂ

-ਡਾ. ਗੁਰਬਖ਼ਸ਼ ਸਿੰਘ ਭੰਡਾਲ-



ਮਾਂ, ਮੰਨਤਾਂ, ਮੁਰਾਦਾਂ, ਮਮਤਾ ਅਤੇ ਮਨੁੱਖਤਾ ਦਾ ਮੁਹਾਂਦਰਾ। ਸੁੱਧਤਾ, ਸਚਿਆਈ, ਸਚਿਆਰੇਪਣ, ਸੁਹਜਤਾ, ਸੂਝ, ਸਿਆਣਪ ਅਤੇ ਸਿਰੜ-ਸਾਧਨਾ ਦਾ ਸਿਰਨਾਵਾਂ। ਫ਼ੱਕਰਤਾ, ਫਰਾਖ਼ਦਿਲੀ, ਫਰਜ਼, ਫ਼ਰਮਾਬਰਦਾਰੀ ਅਤੇ ਫ਼ੈਸਲਿਆਂ ਦੀ ਫ਼ਸੀਲ।ਕੋਮਲਤਾ, ਕਰਨੀ, ਕੀਰਤੀ ਅਤੇ ਕਰਮ-ਯੋਗਤਾ ਦੀ ਅਪੀਲ। ਧਰਮ, ਧੀਰਜ ਅਤੇ ਧੰਨਤਾ ਦੀ ਅੰਜ਼ੀਲ।

ਮਾਂ, ਕਦਰਾਂ ਕੀਮਤਾਂ ਦੀ ਲੋਅ, ਕੰਧਾਂ ਨੂੰ ਘਰ ਬਣਾਉਣ ਦੀ ਸੋਅ, ਦੀਵਾਰਾਂ ਵਿਚਲੇ ਰੌਸ਼ਨਦਾਨਾਂ ਵਿਚੋਂ ਆਉਂਦੀਆਂ ਕਿਰਨਾਂ ਦਾ ਜਲੌਅ, ਚੌਂਕੇ 'ਚੋਂ ਆ ਰਹੀ ਭਿੰਨੀ-ਭਿੰਨੀ ਖੁਸ਼ਬੋਅ, ਹਰੇਕ ਲਈ ਚੰਗੇਰੇ ਸਬੱਬ ਦਾ ਢੋਅ, ਸਭ ਲਈ ਅਪਣੱਤ ਦੀ ਖੋਹ ਅਤੇ ਦੁਆਵਾਂ, ਦਰਿਆਦਿਲੀ, ਦਿਆਲਤਾ, ਦਿਆਨਤਾ ਅਤੇ ਦਿਲਗੀਰੀ ਦਾ ਵਗਦਾ ਚੋਅ ਜਿਸਦੇ ਨਿਰਮਲ ਸਪੱਰਸ਼ 'ਚੋਂ ਮਿਲਦੀ ਸੁੱਚੀਆਂ ਸੋਚਾਂ ਦੀ ਸੋਅ।

ਮਾਂ ਦਾ ਲਾਡ ਪਿਆਰ, ਜੀਵਨ ਦਾ ਸੁੱਚਾ ਹਾਸਲ ਜਿਸ ਸਾਹਵੇਂ ਫਿਕੀਆਂ ਨੇ ਦੁਨਿਆਵੀ ਨਿਆਮਤਾਂ। ਮਾਂ ਦੀਆਂ ਮਿੱਠੀਆਂ ਝਿੜਕਾਂ ਖਾ ਕੇ ਪਲਣ ਵਾਲੇ ਬੱਚੇ ਨੂੰ ਪਤਾ ਹੁੰਦਾ ਏ ਕਿ ਮਾਂ ਜਦ ਝਿੜਕਦੀ ਏ ਤਾਂ ਉਸਦੇ ਮਨ ਵਿਚ ਕਿੰਨਾ ਮੋਹ ਉਮਡਦਾ।ਕਿਵੇਂ ਅਲੋਪ ਰੂਪ ਵਿਚ ਛੱਲਕਦੀਆਂ ਨੇ ਮਾਂ ਦੀਆਂ ਨੈਣ- ਨਦੀਆਂ। ਬੱਚਾ ਦੀਆਂ ਝਿੜਕਣੀਆਂ ਵਿਚੋਂ ਵੀ ਕੁਝ ਅਚੇਤ ਤੇ ਸੁਚੇਤ ਰੂਪ ਵਿਚ ਹਾਸਲ ਕਰ, ਸਮਿਆਂ ਦਾ ਸੁੱਚਮ਼ ਬਣਨ ਵਿਚ ਪਹਿਲ ਕਰਦਾ।

ਮਾਂ ਦੀਆਂ ਅਰਦਾਸਾਂ 'ਚ ਪ੍ਰਵਾਨ ਚੜੇ ਬੱਚੇ ਦੇ ਹਰ ਕਰਮ ਤੇ ਕੀਰਤੀ ਵਿਚ ਦੁਆਵਾਂ ਦੀ ਦਰਿਆ-ਦਿਲੀ। ਅਤੇ ਅਜੇਹੇ ਬੱਚੇ ਦੇ ਮਰਜ਼ ਦੀ ਦਵਾ, ਕਿਸੇ ਮਾਹਰ ਡਾਕਟਰ ਦੀ ਦਵਾ ਨਹੀਂ ਸਗੋਂ ਮਾਂ ਦੀਆਂ ਦੁਆਵਾਂ ਹੁੰਦੀਆਂ। ਬੱਚੇ ਦੀ ਸੋਚ ਵਿਚ ਮਾਨਵਤਾ ਦਾ ਮੁਹਾਂਦਰਾ ਅਤੇ ਪੈੜ-ਪ੍ਰਛਾਂਵਿਆਂ ਵਿਚ ਭਲਿਆਈ ਅਤੇ ਬੰਦਿਆਈ ਦਾ ਸਾਇਆ।

ਮਾਂ ਦੀਆਂ ਰਹਿਮਤ ਵਿਚ ਖਲੰਦੜੇ ਬੱਚੇ 'ਚ ਮਾਂ ਦੀਆਂ ਸੂਖ਼ਮ ਤੇ ਅਛੋਹ ਭਾਵਨਾਂਵਾਂ ਦੀ ਸੁੱਚੀ ਬਖਸ਼ਿਸ਼ ਮੌਲਦੀ।

ਮਾਂ ਨੂੰ ਪਤਾ ਹੁੰਦਾ ਏ ਬੱਚੇ ਦੀ ਭੁੱਖ ਅਤੇ ਉਸਦੇ ਦੁੱਖ-ਸੁੱਖ ਦਾ। ਉਸਦੇ ਹਾਸੇ ਦਾ ਅਤੇ ਦਰਦ ਵਿਚ ਪਸੀਜੇ ਰੁਆਸੇ ਦਾ। ਅਹਿਸਾਸ ਹੁੰਦਾ ਕਿਸੇ ਲੋੜ ਦਾ, ਖੜਕਾ ਹੋ ਜਾਂਦਾ ਥੋੜ੍ਹ ਦਾ। ਬੱਚੇਨੂੰ ਆਈ ਝਰੀਟ ਜਦਦ ਕਿਆਸਦੀ ਤਾਂ ਪੈਦਾ ਹੁੰਦੀ ਰੁੱਮਕਣੀ ਸਾਹਾਂ ਸੰਦਲੀ ਆਸ ਦੀ। ਬੱਚੜੇ ਦੀਆਂ ਭਾਵਨਾਂਵਾਂ ਨੂੰ ਵਿਚ ਭਰਦੀ ਰੂਹ-ਰੰਗਅਤੇ ਖੁਦ ਬਣਦੀ ਸਰਘੀ ਵਰਗੀ ਉਮੰਗ।

ਮਾਂ ਧਰਦੀ ਹੈ ਬੱਚੇ ਦੇ ਨੈਣਾਂ ਵਿਚ ਸੁਪਨਿਆਂ ਦੀ ਤਸ਼ਬੀਹ। ਕਰਮ-ਕੀਰਤੀ ਲਈ ਬਣਦੀ ਹੈ ਤਰਜ਼ੀਹ। ਸੋਚ-ਦਾਇਰੇ ਨੂੰ ਕਰਦੀ ਹੈ ਵਸੀਹ ਅਤੇ ਹਨੇਰਿਆਂ 'ਚ ਬਣਦੀ ਹੈ ਚਾਨਣ ਦੀ ਲੀਹ।

ਮਾਂ ਹੀ ਬੱਚੇ ਦੇ ਚਾਵਾਂ ਲਈ ਪਰ। ਲਾਡਲੇ ਲਈ ਨਿਰਭਓ ਡਰ। ਰਹਿਮਤਾਂ ਦਾ ਦਰਅਤੇ ਯੁੱਗ ਜਿਊਣ ਦਾ ਵਰ।

ਮਾਂ, ਬੱਚੇ ਦੇ ਸਫ਼ਰ ਲਈ ਰਾਹਾਂ 'ਚ ਰੌਸ਼ਨੀ ਦਾ ਛਿੜਕਾਅ ਕਰਦੀ, ਰਾਹ ਦੇ ਖੱਡੇ-ਖਾਈਆਂ ਨੂੰ ਭਰਦੀ, ਖਿਲਰੇ ਕੰਡਿਆਂ ਨੂੰ ਪਰ੍ਹਾਂ ਕਰਦੀ ਅਤੇ ਬੱਚੇ ਦੇ ਸੋਹਲ ਪੈਰਾਂ ਹੇਠਹੱਥਾਂ ਦੀਆਂ ਤਲੀਆਂ ਧਰਦੀ।

ਮਾਂ, ਬੱਚੇ ਦੀ ਹਰ ਪ੍ਰਾਪਤੀ ਦਾ ਮਾਣ ਕਰਦੀ, ਉਸਦੀਆਂ ਬਲਾਵਾਂ ਹਰਦੀ, ਸੋਚ-ਜੂਹੇ ਸੁੱਭ-ਚੇਤਨਾ ਦਾ ਜਾਗ ਲਾਉਂਦੀ ਅਤੇ ਉਸਦੀਆਂ ਕਰਨੀਆਂ ਨੂੰ ਕਰਮ-ਚੇਤਨਾ ਦੇ ਨਾਮ ਲਾਉਂਦੀ।

ਮਾਂ, ਬੱਚਿਆਂ ਨੂੰ ਉਡੀਕਦਿਆਂ ਦਰ ਨੂੰ ਹੀ ਘਰ ਬਣਾਉਂਦੀ, ਹੱਥਾਂ ਦੀ ਓਟ ਨਾਲ ਰਾਹਾਂ 'ਤੇ ਨਜ਼ਰਾਂ ਟਿਕਾਉਂਦੀ ਅਤੇ ਉਡੀਕ ਨੂੰ ਜੀਵਨ ਦਾ ਹਿੱਸਾ ਬਣਾਉਂਦੀ।

ਮਾਂ ਦੀਆਂ ਅਸੀਸਾਂ, ਸੁੱਚਾ ਹਾਸਲ। ਮਨ-ਮੰਗੀਆਂ ਮੁਰਾਦਾਂ ਦੀ ਪੂਰਨਤਾ, ਦਿਲ 'ਚ ਦੱਬਿਆਂ ਰੀਝਾ ਨੂੰ ਸਮਝ ਕੇ ਇਹਨਾਂ ਨੂੰ ਪੂਰਾ ਕਰਨ ਲਈ ਉਚੇਚ। ਮਾਂ ਰੱਬ ਨਾਲੋਂ ਵੀ ਵੱਡੀ। ਬੱਚੇ ਵਾਸਤੇ ਰੱਬ ਤੇ ਮਾਂ ਵਿਚ ਨਹੀਂ ਫ਼ਰਕ। ਦੋਹਾਂ 'ਚ ਕੋਈ ਨਹੀਂ ਤਰਕ-ਅਤਰਕ। ਰੱਬਤਾਂ ਕਿਸੇ ਸੋਚ, ਭਰਮ, ਗੈਬੀ ਤਾਕਤ ਜਾਂ ਅਲਹਾਮੀ ਰੂਪ ਹੋ ਸਕਦਾ ਜੋ ਅਦਿੱਖ ਰਹਿ, ਮਨੋਕਾਮਨਾਵਾਂ ਦੀ ਪੂਰਤੀ ਕਰਦਾ। ਪਰ ਮਾਂ ਤਾਂ ਸ਼ਾਖ਼ਸ਼ਾਤ। ਬੱਚੇ ਦੀਆਂ ਹਰ ਤਮੰਨਾਂ ਨੂੰ ਸਮਝ, ਉਸਦੇ ਕਹਿਣ ਤੋਂ ਪਹਿਲਾਂ ਹੀ ਪੂਰਤੀ ਦਾ ਸਬੱਬ ਸਿਰਜਦੀ।

ਮਾਂ ਬਹੁਤ ਯਾਦ ਆਉਂਦੀਜਦ ਬੇਲਿਹਾਜ਼ ਦੁਨੀਆਂ ਤੁਹਾਡੀਆਂ ਰਾਹਾਂ 'ਚ ਕੰਡੇ ਬੀਜਦੀ ਅਤੇ ਫਿਰ ਇਹਨਾਂ ਨੂੰਚੁੱਗਣ ਦੇ ਬਹਾਨੇ, ਤੁਹਾਡਾ ਹਰੇਕ ਕਿਸਮ ਦਾ ਸ਼ੋਸ਼ਨ ਕਰ, ਤੁਹਾਡੇ ਹਾਵਿਆਂ ਦੇ ਸੇਕ ਨਾਲਆਪਣਾ ਨਿੱਘ ਸਿਰਜਦੀ। ਤੁਹਾਡੀ ਭਾਵਨਾ ਦੀਆਂ ਨੀਹਾਂ 'ਤੇ ਆਪਣੀਆਂ ਬੁਲੰਦੀਆਂ ਦਾ ਸੁਪਨਾ ਲੈਂਦੀ

ਜਦ ਕੋਈ ਸੁਪਨੇ ਚੁਰਾਂਦਾਤਾਂ ਸੁਪਨੇ ਦੇਣ ਵਾਲੀ ਮਾਂ ਬਹੁਤ ਯਾਦ ਆਉਂਦੀ। ਜਦ ਕੋਈ ਤੁਹਾਡੀਆਂ ਪੈੜਾਂ ਨੂੰ ਸਰਾਪ, ਆਪਣੇ ਨਕਸ਼ ਸਿਰਜਣ ਲਈ ਕਾਹਲਾ ਹੁੰਦਾ ਤਾਂ ਉਂਗਲੀ ਪੜ ਕੇ ਤੁੱਰਨਾ ਸਿਖਾਉਣ ਅਤੇ ਅਣਭੋਲਤਾ 'ਚ ਡਿਗਣ 'ਤੇ ਮਿੱਟੀ ਝਾੜਨ ਤੇ ਬੱਚੇ ਨੂੰ ਸੱਟ ਲੱਗਣ ਦੇ ਫ਼ਿਕਰ 'ਚ ਫ਼ਿਕਰ ਹੋਈ ਮਾਂ ਦਾ ਤੁਸੱਵਰ ਅੱਖਾਂ ਵਿਚ ਤਰਦਾ। ਅਤੇ ਦਿਲ ਮਮਤਾਈ ਲੋਰ ਨੂੰ ਯਾਦ ਕਰ ਡੂੰਘੇ ਹਾਉਕੇ ਭਰਦਾ।

ਮਾਂ ਤਾਂ ਸਦਾ ਹੀ ਮਨ ਦੀ ਫ਼ਿਜ਼ਾ ਵਿਚ ਰੁੱਮਕਦੀ ਜੋ ਸਾਹਾਂ ਨੂੰ ਸੰਗੀਤਕਤਾ ਬਖਸ਼, ਸੁਗੰਧੀਆਂ ਦਾ ਵਰਦਾਨ ਦਿੰਦੀ। ਸਾਹ ਮਹਿਕਣ ਲੱਗਦੇ।

ਮਾਂ, ਬੱਚੇ ਦੇ ਹਰ ਰੰਗ ਵਿਚ ਰਮੀ। ਉਸਦਾ ਮੁਹਾਂਦਰਾ, ਨਕਸ਼, ਬੋਲ-ਬਾਣੀ, ਲਹਿਜ਼ਾ, ਰੰਗ-ਢੰਗ ਅਤੇ ਆਦਤਾਂ ਵਿਚ ਪ੍ਰਗਟਦੀ।

ਮਾਂ, ਬੱਚੇ ਦੀਆਂ ਸੁੱਚੀ ਧਰਾਤਲਜਿਸ 'ਤੇ ਹੁੰਦੀ ਮਨੁੱਖ ਦੀ ਉਸਾਰੀ, ਜ਼ਿੰਦਗੀ ਨੂੰ ਭਾਗ ਲਾਉਣ ਦੀ ਤਿਆਰੀ ਅਤੇ ਖੁਦ ਪਛਾਣ ਨੂੰ ਨਰੋਈ ਦਿੱਖ ਦੇਣ ਦੀ ਖ਼ੁਮਾਰੀ। ਬੱਚੇ ਦੀ ਪਛਾਣ ਦਰਅਸਲ ਹੁੰਦੀਏ ਮਾਂ ਦੀ ਪਛਾਣ ਜੋ ਨਵਾਂ ਰੂਪ ਬਦਲ ਕੇ ਨਵੀਂ ਤਹਿਰੀਕ ਨੂੰ ਜਨਮ ਦਿੰਦੀ।ਵੈਸੇ ਤਾਂ ਬੱਚੇ ਦਾ ਜਨਮ ਹੀ ਮਾਂ ਵਲੋਂ ਆਪਣੀ ਹੋਂਦ ਨੂੰ ਭਵਿੱਖ ਦੇ ਨਕਸ਼ਾਂ ਵਿਚੋਂ ਨਿਹਾਰਨ ਦੀ ਪ੍ਰੀਕਿਰਿਆ। ਤਾਂ ਹੀ ਮਾਂ, ਬੱਚੇ ਦੇ ਜਨਮ ਵਿਚੋਂ ਨਵੀਂ ਮਾਂ ਦਾ ਰੂਪ ਅਖ਼ਤਿਆਰ ਕਰਦੀ।

ਮਾਂ, ਮਮਤਾ, ਮੋਹ ਤੇ ਮਿਹਰ ਦੀ ਮੂਰਤ। ਸਮਰਪਣ, ਸੁਪਨੇ ਤੇ ਸੁਹਜ ਦੀ ਸੂਰਤ। ਪਾਕੀਜ਼ਗੀ, ਪਿਆਰ ਤੇ ਪ੍ਰੇਰਨਾ ਦੀ ਪੂਰਤ। ਜੀਵਨ, ਜ਼ਜ਼ਬਾ ਅਤੇ ਜ਼ਿੰਦਾਦਿਲੀ ਦੀ ਜ਼ਰੂਰਤ।

ਮਾਂ, ਸਹਿਜ 'ਚ ਵਹਿੰਦੀ ਨਦੀ ਦੀ ਧਾਰਾ। ਦਰਿਆਵਾਂ ਦੀ ਰਵਾਨਗੀ ਦਾ ਨਜ਼ਾਰਾ। ਸਮੁੰਦਰੀ ਗਹਿਰਾਈ ਦਾ ਪਸਾਰਾ। ਪਹਾੜਾਂ ਵਰਗੀ ਉਚਤਾ ਦਾ ਆਰਾ-ਪਾਰਾ। ਬਿਰਖਾਂ ਵਰਗਾ ਬੰਦਗੀ-ਦੁਆਰਾ। ਚਿਰਾਗ ਜੇਹਾ ਰੌਸ਼ਨ-ਮਿਨਾਰਾ ਅਤੇ ਪਰਿੰਦਿਆਂ ਵਰਗੀ ਉਡਾਣ ਦਾ ਹੁਲਾਰਾ।

ਮਾਂ ਹੁੰਦੀ ਤਾਂ ਬੱਚਾ, ਮੁਸ਼ਕਲਾਂ ਤੋਂ ਬੇਨਿਆਜ਼, ਤੰਗੀਆਂ-ਤੁਰਸ਼ੀਆਂ ਤੋਂ ਬੇਫ਼ਿਕਰ, ਲੋੜਾਂ-ਥੋੜਾਂ ਤੋਂ ਸੁਰਖ਼ਰੂ ਅਤੇ ਬਾਲਾਵਾਂ ਤੋਂ ਨਿਡਰ।

ਹਨੇਰਿਆਂ ਵਿਚ ਮਾਂ ਦੀ ਚਾਨਣ-ਉਂਗਲੀ, ਬੱਚੇ ਦੇ ਕਦਮਾਂ ਨੂੰ ਡੋਲਣ ਤੇ ਥਿੜਕਣ ਤੋਂ ਹੋੜਦੀ ਅਤੇ ਨਿਗਰ ਕਦਮਾਂ ਨਾਲ ਸਫ਼ਰ ਦੀ ਪੂਰਨਤਾ ਲਈ ਪ੍ਰੇਰਦੀ।

ਮਾਂ, ਬੱਚੇ ਲਈ ਆਪਾ ਨਿਸ਼ਾਵਰ ਕਰਦੀ। ਉਸ ਲਈ ਛਾਂ ਤੇ ਨਿੱਘ ਦਾ ਤਰੌਂਕਾ।ਪਰਮਾਂਪੀੜਾ ਪੀੜਾ ਹੋ ਜਾਂਦੀਜਦ ਉਸਦੀ ਉਡੀਕ-ਝੋਲੀ ਖਾਲੀ ਰਹਿ ਜਾਂਦੀ। ਉਹ ਦਰਾਂ ਵਿਚ ਬੁੱਤ ਬਣੀ, ਸੱਖਣੀਆਂ ਨਿਗਾਹਾਂ ਨਾਲ ਦੂਰ ਜਾਦੀਆਂ ਰਾਹਾਂ ਨਿਹਾਰਦੀ ਅਤੇ ਆਖ਼ਰ ਨੂੰ ਆਪਣੇ ਆਪ ਨੂੰ ਨਿਹਾਰਨ ਤੋਂ ਵੀ ਅਸਮਰਥ ਹੋ ਜਾਂਦੀ। ਆਪਣਾ ਸਿਵਾ ਸੇਕਦੀ, ਆਪਣੀਆਂ ਆਂਦਰਾਂ ਨੂੰ ਗੰਢ ਮਾਰ, ਗੰਢ ਬਣ ਕੇ ਜਿਉਣ ਤੋਂ ਮੁਥਾਜ਼ ਹੋ ਜਾਂਦੀ। ਉਸਦੇ ਮੂਕ ਜੀਵਨ-ਸਾਜ਼ ਵਿਚੋਂ ਵੀਸੁੱਖਦ, ਸਕੂਨ ਅਤੇ ਸੂਖ਼ਮ ਤਰੰਗਾਂ ਆਪਣਿਆਂ ਲਈ ਅਸੀਸ ਬਣਦੀਆਂ। ਘਰ ਤੇ ਵਿਹੜੇ ਲਈ ਸੁਖ ਮੰਗਦੀਆਂ। ਕਾਸ਼!ਅਸੀਂ ਉਹਨਾਂ ਅਸੀਸਾਂ ਨੂੰ ਸੁਣਨ ਤੇ ਸਮਝਣ ਲਈ ਚੇਤਨਾ ਨੂੰ ਸੰਵੇਦਨਾ ਬਣਾਉਣ ਜੋਗੇ ਹੋਈਏ। ਇਹ ਤਾਂ ਬੱਚਿਆਂ ਨੂੰ ਹੀ ਕਰਨਾ ਪੈਣਾ ਕਿਉਂਕਿ ਮਾਂ ਵਾਂ ਦੇ ਤੁੱਰ ਜਾਣ ਤੋਂ ਬਾਅਦ ਤਾਂ ਬੱਚੇ ਨੂੰ ਮਾਵਾਂ ਵਰਗੀ ਰਹਿਤਲ, ਖੁਦ ਵਿਚੋਂ ਉਪਜਾਉਣ ਤੇ ਹੰਢਾਉਣ ਦੀ ਜ਼ਿਆਦਾ ਤਮੰਨਾ ਹੁੰਦੀ।

ਮਾਂ, ਬਿਰਖ਼ ਦੀ ਛਾਂ, ਪੂਜਣ ਦੀ ਥਾਂ ਅਤੇ ਸੁਖਨ ਦਾ ਨਾਂ।ਮਾਂ, ਰੁਆਂਸੀ ਰੁੱਤ ਲਈ ਆਪਣੇਪਣ ਦੀ ਗਲਵਕੜੀ। ਨੰਗੇ ਪਿੰਡੇ ਲਈ ਲੀਰ-ਲੰਗਾਰ। ਆਂਦਰਾਂ ਦੀ ਤੰਦ ਨਾਲ ਗਲੋਟੇ ਲਾਹੁੰਦੀ ਤੇ ਸੋਚ ਦੀਆਂ ਤੰਦੀਆਂ 'ਤੇ ਉਣ, ਬੱਚੜੇ ਲਈ ਫੁੱਲਕਾਰੀ ਕੱਢਦੀ।

ਮਾਂ ਵਰਗੇ ਸ਼ਬਦ ਦੀ ਥਾਹ ਲੈਣੀ ਹੋਵੇ ਜਾਂ ਅਰਥ ਪੁਛਣੇ ਹੋਣ ਤਾਂ ਕਦੇ ਮਾਂ-ਮਹਿਟਰ ਦੇ ਦਰਦ ਨੂੰ ਫ਼ਰੋਲੋ ਜਿਸਦਾ ਬਚਪਨਾ ਖੁਦਕੁਸ਼ੀ ਕਰ ਗਿਆ। ਖੇਡਣ ਦੀ ਰੁੱਤ ਬੇਵਾ ਹੋ ਗਈ। ਲਾਡ-ਲਡਿੱਕੇ ਦੀ ਰੁੱਸਵਾਈ, ਮਨ ਨੂੰ ਹਰ ਪਲ ਰੁਆਉਂਦੀ। ਜ਼ਿੰਦ 'ਚ ਹਰਦਮ ਦਰਦ ਰਿੜਕਣੀ।ਚਾਨਣ-ਚੋਅ ਨੂੰ ਲੱਗੇ ਜੰਗਾਲੇ-ਜਿੰਦਰੇ ਜੋ ਹਨੇਰਿਆਂ 'ਚ ਸੁਲਘਦਾ।ਜਿਹਨਾਂ ਦੀ ਰੋਟੀ ਦੀ ਭੁੱਖ, ਚੱਪੇ 'ਚ ਸੁੰਗੜ ਗਈ।ਗੋਭਲੇ ਪਿੰਡੇ ਨੂੰਮਿਲਿਆ ਫੁੱਲ-ਬੂਟੀਆਂ ਦਾ ਰੁੱਦਨ। ਲੋਰੀਆਂ ਦੀ ਰੁੱਤ ਵੈਰਾਗਣ ਹੋ ਗਈ।ਜੋ ਬਾਤਾਂ ਦਾ ਹੁੰਗਾਰਾ ਭਰਨ ਲਈ ਤਰਸਦੇ, ਹਾਉਕਾ ਹਾਉਕਾ ਹੋ ਗਏ।ਜਿਨਾਂ ਦੇ ਤੋਤਲੇ ਬੋਲਝਿੜਕਾਂ ਹਜ਼ਮ ਗਈਆਂ। ਜਿਹਨਾਂ ਦੀ ਸਰਘੀ ਤੇ ਗ਼ਹਿਰ ਨੇ ਕਹਿਰ ਢਾਇਆ। ਜਿਹਨਾਂ ਦੇ ਹਿੱਸੇ ਦਾ ਸੂਰਜ ਕਾਲਖ਼ਾਂ ਨੇ ਨਿਗਲ ਲਿਆ। ਜਿਹਨਾਂ ਦੇ ਸੁਪਨਿਆਂ ਦੀ ਅੱਖ ਹਮੇਸ਼ਾ ਸਿੰਮਦੀ ਰਹੀ ਅਤੇ ਅੱਖ ਵਿਚ ਉਤਰੀ ਲਾਲੀ ਨਾਲ ਚਾਰੇ ਪਾਸੇ ਧੁੰਧਲਕਾ ਛਾਇਆ ਰਿਹਾ। ਜਿਹਨਾਂ ਦੇ ਮਾਸੂਮ ਮੁੱਖੜੇ 'ਤੇ ਘਰਾਲਾਂ ਜੰਮੀਆਂ ਰਹੀਆਂ। ਜਿਹਨਾਂ ਦੀ ਨੀਂਦ ਵਿਚ ਸੁਪਨ-ਸੰਵੇਦਨਾ ਨਹੀਂ ਸਗੋਂ ਸਹਿਮ, ਸੰਕੀਰਨਤਾ ਤੇ ਸਦਮੇ ਸੁਲਗਦੇ ਰਹੇ। ਜਿਹਨਾਂ ਦੇ ਸਾਹ ਆਹਾਂ ਦਾ ਵਣਜ ਕਰਨ ਲਈ ਮਜ਼ਬੂਰ ਅਤੇ ਜਿਉਣ ਦੇ ਭਰਮ 'ਚ ਤਿੱਲ ਤਿੱਲ ਮਰਦੇ ਰਹੇ। ਜਿਹਨਾਂ ਲਈ ਖੌਫ਼ ਤੇ ਖ਼ੁਦਾ, ਖੁਦਦਾਰੀ ਅਤੇ ਖੁਸ਼ਾਮਦ ਅਤੇ ਖ਼ਿਲਾਫ਼ਤ ਅਤੇ ਖਿਦਮਤਗਾਰੀ 'ਚ ਕੋਈ ਅੰਤਰ ਨਾ ਰਿਹਾ।

ਮਾਂ ਦੇ ਮਰ ਜਾਣ 'ਤੇ ਮਰ ਜਾਂਦੇ ਨੇ ਮਾਂਵਾਂ ਵਾਲੇ ਲਾਡ ਪਿਆਰ ਤੇ ਚਾਅ ਦੁਲਾਰ। ਉਜੜ ਜਾਂਦਾ ਸੁਪਨ ਸੰਸਾਰ। ਕੋਮਲ ਭਾਵਾਂ ਦਾ ਹੁੰਦਾ ਨਰ-ਸੰਘਾਰ। ਫਿਰ ਨਾ ਕੋਈ ਮਿਲਦਾ ਉਰਵਾਰ ਜਾਂ ਪਾਰ। ਬੰਦਾ ਫੱਸ ਜਾਦਾ ਅੱਧ-ਵਿਚਕਾਰ ਅਤੇ ਜੀਵਨ 'ਚ ਪਸਰਦਾ ਅੰਧਕਾਰ।

ਮਾਂ ਦਾ ਪਿਆਰ, ਹਰਫ਼ਾਂ, ਬੋਲਾਂ ਜਾਂ ਦਿਖਾਵੇ ਦਾ ਨਹੀਂ ਮੁਥਾਜ਼। ਇਸਦਾ ਹੁੰਦਾ ਆਪ-ਮੁਹਾਰਾ ਅਗਾਜ਼। ਮਾਂਦੇ ਕਦਮਾਂ ਵਿਚ ਵੱਸਦੀ ਜਨਤ ਬਣਦੀ ਸੁਰ-ਸਾਜ਼ ਅਤੇ ਇਸ ਸਾਹਵੇਂ ਫਿੱਕੇ ਪੈ ਜਾਂਦੇ ਸਭ ਅੰਦਾਜ਼।

ਮਾਂ ਮਹਾਂਦਾਨੀ, ਮਹਾਨ ਸੁਆਣੀ ਤੇ ਜੀਵਨ-ਦਾਨੀਜਿਸਦੀ ਮਹਿਮਾ, ਮਹਾਨਤਾ ਅਤੇ ਮੁਲੰਗੀਪੁਣੇ ਦੀ ਅੱਕਥਕਹਾਣੀ ਕਿਸੇ ਨਾ ਜਾਣੀ।ਮਾਂ ਅਣਪੜ ਹੁੰਦਿਆਂ ਵੀ ਮਹਾਂ-ਗਿਆਨੀ।ਦੁਨੀਆਂ ਦਾ ਹਰ ਗਿਆਨ, ਬੱਚੇ ਦੀ ਸੋਚ ਵਿਚ ਧਰ, ਖੁਦ ਭਰਪੂਰ ਰਹਿੰਦੀ।

ਲੋਕੋ! ਮੰਦਰ, ਮਸਜਿਦ, ਗੁਰਦੁ-ਆਰੇ, ਚਰਚ, ਆਸ਼ਰਮ, ਸਕੂਲ, ਘਰ, ਧਰਮਸ਼ਾਲਾਵਾਂ ਆਦਿ ਬਣਾਓ। ਪਰ ਕਦੇ ਵੀ ਬਿਰਧ-ਆਸ਼ਰਮ ਨਾ ਬਣਾਓ ਕਿਉਂਕਿ ਜਿਸ ਮਾਂ ਨੇ ਬੱਚਿਆਂ ਨੂੰ ਜਵਾਨ ਕੀਤਾ ਹੋਵੇ ਉਸਦੀ ਤਾਮੀਦਾਰੀ ਵਿਚੋਂ ਤਾਂ ਰੂਹਾਨੀਅਤ ਮਿਲਦੀ। ਖੁਦ ਨੂੰ ਕਦੇ ਵੀ ਇਸ ਅਸੀਮ ਰੂਹਾਨੀਅਤ ਤੋਂ ਮਹਿਰੂਮ ਨਾ ਕਰੋ। ਕਿਉਂਕਿ ਬਜ਼ੁਰਗਾਂ ਦੀ ਸੇਵਾ, ਸਰਬ-ਸਰੇਸ਼ਟ ਅਤੇ ਦੁਨਿਆਵੀ ਸੇਵਾਵਾਂ ਤੋਂ ਉਤਮ।

ਮਾਂ ਤੋਂ ਮੰਗੀ ਦੁਆਨੀ-ਚੁਆਨੀ ਨੂੰ ਯਾਦ ਕਰਨਾ। ਤੁਹਾਨੂੰ ਰਾਂਗਲੇ ਅਤੇ ਬੇਫ਼ਿਕਰੇ ਦਿਨ ਯਾਦ ਆ ਜਾਣਗੇ। ਕਮਾਊ ਹੋ ਕੇ, ਦਾਨੀ ਮਾਂ ਨੂੰ ਮੰਗਤੀ ਨਾ ਬਣਾਓ। ਤੁਹਾਡਾ ਧਨ-ਦੌਲਤ ਤਾਂ ਮਾਂ ਦੀਆਂ ਬਖਸ਼ਿਸਾਂ ਦੀ ਹੀ ਦੇਣ ਏ।

ਮਾਂ ਆਪਣੇ ਬੱਚੇ ਦਾ ਸਿਰ ਮੋਢੇ 'ਤੇ ਰੱਖ ਲਾਡ ਲਡਾਉਂਦੀ, ਲੋਰੀਆਂ ਸੁਣਾਉਂਦੀ ਅਤੇ ਬੱਚੇ ਨੂੰ ਸੁਪਨ-ਸਵਰਗ ਦੀ ਸੈਰ ਕਰਵਾਉਂਦੀ। ਫਿਰ ਆਖ਼ਰ ਨੂੰ ਆਪਣੇ ਜਵਾਨ ਬੱਚੇ ਦੇ ਮੋਢੇ ਦਾ ਸਹਾਰਾ ਲੈ, ਇਸ ਦੁਨੀਆਂ ਤੋਂ ਰੁੱਖਸਤ ਹੁੰਦੀ। ਮਾਂ ਦੇ ਮੋਢੇ ਦਾ, ਬੱਚੇ ਦੇ ਮੋਢੇ ਨਾਲ ਬਦਲਣ 'ਤੇ ਕਿੰਨਾ ਕੁਝ ਬਦਲ ਜਾਂਦਾ।

ਮਾਂ ਸ਼ਬਦ ਨਾਲ ਮੂੰਹ ਭਰਦਾ। ਬੋਲਾਂ ਵਿਚ ਮਿਠਾਸ। ਅਸੀਮ ਅਰਥ। ਬਹੁ-ਪੱਖੀ ਪਸਾਰੇ।ਦੇਵੀ ਦੀਦਾਰੇ। ਦੈਵੀ ਨਜ਼ਾਰੇ। ਹੁੱਲੇ-ਹੁਲਾਰੇ। ਸੁਰ, ਸੰਗੀਤ, ਸਾਰਥਿਕਤਾ ਅਤੇ ਸਹਿਜਮੁਖੀ ਲੱਜ਼ਤਾ ਦੇ ਫੁਹਾਰੇ।

ਮਾਂਤੁਹਾਡੀ ਨੁਕਤਾਚੀਨੀ ਵਿਚੋਂ ਵੀ ਤੁਹਾਡੀਆਂ ਖੈਰਾਂ ਮੰਗਦੀ ਕਿਉਂਕਿ ਮਾਂ ਬੱਚਿਆਂ ਦੀ ਸਭ ਤੋਂ ਵੱਡੀ ਤੇ ਨੇੜਲੀ ਸੁਭ-ਚਿੰਤਕ। ਮਾਂ ਤੁਹਾਡੀ ਦੋਸਤ ਜੋ ਤੁਹਾਡੀ ਰਾਜ਼ਦਾਰ ਵੀ ਹੁੰਦੀ। ਤੁਹਾਡੀ ਮਾਰਗ-ਦਰਸ਼ਕ, ਜੋ ਤੁਹਾਡੀਆਂ ਕਮੀਆਂ ਤੇ ਗੁਣਾਂ ਨੂੰ ਹੰਗਾਲ, ਤੁਹਾਡੇ ਲਈ ਬਿਹਤਰ ਰਾਹ ਦੀ ਦੱਸ ਪਾਉਂਦੀ ਅਤੇ ਉਂਗਲ ਫੜ ਕੇ ਰਾਹ ਤੋਰਦੀ।

ਮਾਂ ਦਾ ਦਿਲ ਸਮੁੰਦਰਾਂ ਤੋਂ ਜ਼ਿਆਦਾ ਡੂੰਗਾ ਤੇ ਅਸੀਮ। ਬੱਚੇ ਦੀਆਂ ਕੁਤਾਹੀਆਂ ਤੇ ਗਲਤੀਆਂ ਨੂੰ ਮੁਆਫ਼ ਕਰ, ਚੰਗੇਰਾ ਇਨਸਾਨ ਬਣਨ ਲਈ ਪ੍ਰੇਰਦੀ।

ਮਾਂ ਹਰ ਰਿਸ਼ਤੇ ਤੇ ਹਰ ਥਾਂ ਨੂੰ ਭਰਨ ਦੇ ਸਮਰੱਥ। ਪਰਉਸ ਵਰਗਾ ਕੋਈ ਨਹੀਂ ਬਣ ਸਕਦਾ ਕਿਉਂਕਿ ਮਾਂ ਸਿਰਫ਼ ਮਾਂ ਹੁੰਦੀ।

ਮਾਂ ਦੇ ਸੁਪਨੇ ਦਾ ਸਰੂਪ ਵੀ ਮਾਂ ਵਰਗਾ ਹੁੰਦਾ ਤਾਂ ਹੀ ਬੱਚੇ ਵਿਚੋਂ ਮਾਂ ਦੇ ਮੁਹਾਂਦਰੇ ਨੂੰ ਪਛਾਣਿਆ ਤੇ ਜਾਣਿਆ ਜਾ ਸਕਦਾ। ਮਾਂ, ਬੱਚੇ ਦਾ ਸਦਾ ਆਦਿ ਹੁੰਦੀ ਪਰ ਕਦੇ ਵੀ ਅੰਤ ਨਹੀਂ ਹੁੰਦੀ।

ਮਾਂ ਨੂੰ ਕਿਸ ਨਾਲ ਤਸ਼ਬੀਹ ਦਿਓਗੇ ਕਿਉਂਕਿ ਮਾਂ ਬਰੋਬਰ ਤਾਂ ਕੁਝ ਵੀ ਬਰ ਨਹੀਂ ਮੇਚਦਾ। ਇਸਦੇ ਨਹੀਂ ਕੋਈ ਤੁੱਲ ਅਤੇ ਨਾ ਹੀ ਇਸਦੇ ਬਰਾਬਰ ਹੈ ਕਿਸੇ ਦਾ ਮੁੱਲ।

ਮਾਂ ਕਦੇ ਵੀ ਇਕੱਲੀ ਨਹੀਂ ਹੁੰਦੀ। ਉਸਦੀ ਸੋਚ ਵਿਚ ਵੱਸਦੇ ਨੇਬੱਚੇ, ਆਰ-ਪਰਿਵਾਰ ਅਤੇ ਦੁਨਿਆਵੀ ਸੰਸਾਰ ਜਿਹਨਾਂ ਨੂੰ ਸਮਾਜ ਬਣਾਉਣ ਲਈ ਕਰਦੀ ਰਹਿੰਦੀ ਏ ਆਹਰ।ਉਸਦੇ ਹਰ ਉਦਮ ਦਾ ਹੁੰਦਾ ਏ ਵਿਸਥਾਰ ਜਿਸ ਨਾਲ ਦਿੱਖ ਤੇ ਸੁਹੱਪਣ ਨੂੰ ਮਿਲਦਾ ਨਵਾਂ ਨਿਵੇਕਲਾ ਅਕਾਰ ਅਤੇ ਅਧਾਰ।

ਮਾਂ ਦੀ ਯਾਦ, ਉਸਦੇ ਜਾਣ ਤੋਂ ਬਾਅਦ ਵੀ ਚੇਤਿਆਂ 'ਚ ਤਰਦੀ। ਤਾਂ ਹੀ ਸ਼ਬਦ ਸਿੱਸਕਦੇ;

ਮਾਂ ਦੀ ਮੌਤ ਤੋਂ ਬਾਅਦ
ਅਕਸਰ ਹੀ ਪਿੰਡ ਫ਼ੋਨ ਕਰਦਾ ਹਾਂ
ਪਰਿਵਾਰ ਦੇ ਮੈਂਬਰ ਫ਼ੋਨ ਚੁੱਕਦੇ
ਰਸਮੀ ਜਹੀਆਂ ਗੱਲਾਂ ਕਰ
ਫ਼ੋਨ ਬੰਦ ਕਰਨ ਦੀ ਕਾਹਲ ਕਰਦੇ
ਤਰਸ ਜਾਦਾ ਹਾਂ
ਕੋਈ ਤਾਂ ਕਹੇਗਾ
ਕਿ ਕਦੋਂ ਆਵੇਂਗਾ?
ਪਰ
ਮੈਂ ਭੁੱਲ ਜਾਂਦਾ ਹਾਂ ਕਿ
ਹੁਣ ਫ਼ੋਨ ਚੁੱਕਣ 'ਤੇ
ਮਾਂ ਵਾਂਗ
ਕਿਸੇ ਨੇ ਨਹੀਂ ਕਹਿਣਾ,
'ਵੇ ਪੁੱਤ ਕਦੋਂ ਆਵੇਂਗਾ'?
ਤੇ ਮੈਂ ਫ਼ੋਨ ਵੰਨੀ ਦੇਖਦਾ
ਚੁੱਪ ਹੋ ਜਾਂਦਾ ਹਾਂ।

ਜਿਉਂਦੀਆਂ ਮਾਵਾਂ ਵਾਲਿਓ! ਮਾਵਾਂ ਨੂੰ ਮਿਲ ਕੇ ਸੁੱਤੇ ਸੁਪਨਿਆਂ ਨੂੰ ਸ਼ਰਸ਼ਾਰ ਕੀਤਾ ਜਾ ਸਕਦਾ। ਅਜੇਹਾਉਦਮ ਅਸੀਂ ਸਭ ਨੇ ਕਰਨਾ ਏ। ਪੰਜਾਬੀਆਂ ਤੋਂ ਅਜੇਹੀ ਤਵੱਕੋਂ ਤਾਂ ਕੀਤੀ ਹੀ ਜਾ ਸਕਦੀ ਏ।

## ਮਾਵਾਂ ਧੀਆਂ

-ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

'ਮਾਂ ਜੀ, ਦਾਲ ਕਿਹੜੀ ਬਣਾਉਣੀ ਏ?' ਰਸੋਈ 'ਚੋਂ ਮੇਰੀ ਪਤਨੀ ਨੇ ਵਿਹੜੇ ਵਿੱਚ ਬੈਠੀ ਮੇਰੀ ਮਾਂ ਤੋਂ ਪੁੱਛਿਆ।

'ਬੇਟਾ, ਜਿਹੜੀ ਤੇਰਾ ਜੀਅ ਕਰਦੈ ਧਰ ਲੈ..' ਮਾਂ ਨੇ ਬੜੇ ਪਿਆਰ ਨਾਲ ਕਿਹਾ।

'..ਨਾ ਤੂੰ ਆਹ ਦਾਲ ਸਬਜ਼ੀ ਮਾਂ ਨੂੰ ਪੁੱਛ ਕੇ ਕਿਉਂ ਬਣਾਉਂਦੀ ਏਂ? ਜੋ ਤੇਰਾ ਜੀਅ ਕਰਦੈ ਬਣਾ ਲਿਆ ਕਰ..' ਮੈਂ ਆਪਣੀ ਪਤਨੀ ਦੇ ਨੇੜੇ ਹੋ ਕੇ ਰਤਾ ਮੱਧਮ ਆਵਾਜ਼ 'ਚ ਆਖਿਆ।

'ਵੇਖੋ ਜੀ ਦਾਲ ਸਬਜ਼ੀ ਬਣਾਉਣੀ ਤਾਂ ਉਹੀ ਹੈ ਜਿਹੜੀ ਘਰ 'ਚ ਮੌਜੂਦ ਹੈ। ਮਾਂ ਜੀ ਨੂੰ ਪੁੱਛ ਲੈਂਦੀ ਆਂ ਤਾਂ ਉਨ੍ਹਾਂ ਨੂੰ ਹੋ ਜਾਂਦਾ ਹੈ ਕਿ ਉਨ੍ਹਾਂ ਦਾ ਵੀ ਕੋਈ ਮਾਣ ਰੱਖਦੈ, ਤੁਸੀਂ ਆਪ ਹੀ ਦੱਸੋ ਮੇਰਾ ਇਹਦੇ 'ਚ ਕੀ ਘਸਦੈ?'

ਮੇਰੀ ਪਤਨੀ ਦੇ ਇਨ੍ਹਾਂ ਬੋਲਾਂ ਨੇ ਮੇਰੇ ਦਿਲ ਵਿੱਚੋਂ ਨੂੰਹ ਸੱਸ ਦੇ ਰਿਸ਼ਤੇ ਬਾਰੇ ਭਰੀ ਸਾਰੀ ਕੁੜੱਤਣ ਕੱਢ ਕੇ ਮਾਂ ਧੀ ਦੇ ਰਿਸ਼ਤੇ ਦੀ ਮਿਠਾਸ ਭਰ ਦਿੱਤੀ।

# ਮਿੰਨੀ ਕਹਾਣੀਆਂ

## ਨੱਕ

-ਮਾ. ਸੁਖਵਿੰਦਰ ਸਿੰਘ ਦਾਨਗੜ੍ਹ

ਕਿਸੇ ਵੇਲੇ ਚੋਖੀ ਜਾਇਦਾਦ ਦੇ ਮਾਲਕ ਸ਼ੇਰ ਸਿੰਘ ਦੀ ਇਲਾਕੇ ਵਿੱਚ ਪੂਰੀ ਚੜ੍ਹਤ ਹੁੰਦੀ ਸੀ। ਬਦਕਿਸਮਤੀ ਨਾਲ ਉਸ ਦੀ ਨਿਕੰਮੀ ਔਲਾਦ ਘਰ ਨੂੰ ਘੁਣ ਵਾਂਗ ਚਿੰਬੜ ਗਈ ਤੇ ਕੁਝ ਕੁ ਸਾਲਾਂ ਵਿੱਚ ਹੀ ਸ਼ੇਰ ਸਿੰਘ ਦੀ ਜ਼ਿੰਦਗੀ ਦਾ ਪਾਸਾ ਬਦਲ ਕੇ ਰੱਖ ਦਿੱਤਾ। ਹੌਲੀ-ਹੌਲੀ ਸ਼ੇਰ ਸਿੰਘ ਸਾਰੀ ਜਾਇਦਾਦ ਤੋਂ ਹੱਥ ਧੋ ਬੈਠਾ। ਢਲਦੀ ਉਮਰੇ ਜਦੋਂ ਬੇਵੱਸ ਸ਼ੇਰ ਸਿੰਘ ਬੇਗਾਨੇ ਹੱਥੀਂ ਚਲੇ ਗਏ ਆਪਣੇ ਖੇਤਾਂ ਵੱਲ ਦੇਖਦਾ ਤਾਂ ਉਹ ਖੂਨ ਦੇ ਅੱਥਰੂ ਰੋਂਦਾ। ਇਕ ਦਿਨ ਉਹ ਜਦੋਂ ਦੂਰ ਸੜਕ 'ਤੇ ਖੜਾ ਖੇਤਾਂ ਵੱਲ ਵੇਖ ਰਿਹਾ ਸੀ ਤਾਂ ਉਸ ਦਾ ਪੋਤਾ ਪੁੱਛਣ ਲੱਗਾ, 'ਬਾਪੂ! ਇਕ ਗੱਲ ਦੀ ਸਮਝ ਨਹੀਂ ਆਉਂਦੀ, ਮੇਰੇ ਚਾਏ ਚਾਚਿਆਂ ਕੋਲ ਤਾਂ ਏਨੇ ਵੱਡੇ-ਵੱਡੇ ਖੇਤ ਐ, ਆਪਣੇ ਕੋਲ ਕੱਲਾ ਘਰ ਈ ਐ! ਆਪਣੇ ਕੋਲ ਕਈ ਖੇਤ ਕਿਉਂ ਨਹੀਂ?'

ਇਹ ਸੁਣ ਕੇ ਸ਼ੇਰ ਸਿੰਘ ਦੀ ਭੁੱਬ ਨਿਕਲ ਗਈ। ਉਹ ਬੋਲਿਆ, 'ਪੁੱਤ! ਖੇਤ ਆਪਣੇ ਕੋਲ ਵੀ ਬਥੇਰੇ ਵੱਡੇ-ਵੱਡੇ ਸੀ, ਪਰ ਤੇਰੇ ਫੂਕਰੇ ਪਿਓ ਅਤੇ ਹੋਛੀ ਮਾਂ ਨੂੰ ਪੈਲੀ ਨਾਲੋਂ ਵੱਧ ਆਪਣੇ ਨੱਕ ਦੀ ਫਿਕਰ ਸੀ। ਉਨ੍ਹਾਂ ਫਜ਼ੂਲ ਖਰਚੇ ਕਰਕੇ ਆਵਦਾ ਨੱਕ ਤਾਂ ਬਚਾ ਲਿਆ, ਪਰ ਉਹੀਓ ਨੱਕ ਆਪਣੇ ਸਾਰੇ ਖੇਤਾਂ ਨੂੰ ਖਾ ਗਿਆ।'

## ਸੋਚ

-ਰਵਿੰਦਰ ਰੁਪਾਲ ਕੌਲਗੜ੍ਹ

ਇਕ ਬੁੱਧੀਮਾਨ ਵਿਅਕਤੀ ਨੇ ਇਕ ਵਪਾਰੀ ਨੂੰ ਪੁੱਛਿਆ, 'ਇਹ ਗੰਦਾ ਪਾਣੀ ਜਿਹੜਾ ਪੀਣ ਯੋਗ ਵੀ ਨਹੀਂ, ਤੁਸੀਂ ਇਸ ਨੂੰ ਸੰਭਾਲ-ਸੰਭਾਲ ਕਿਉਂ ਰੱਖਦੇ ਹੋ?'

ਵਪਾਰੀ ਨੇ ਕਿਹਾ, 'ਆਉਣ ਵਾਲੇ ਸਮੇਂ ਵਿੱਚ ਜਦੋਂ ਤੁਸੀਂ ਲੋਕ ਬੂੰਦ-ਬੂੰਦ ਪਾਣੀ ਲਈ ਤਰਸੋਗੇ, ਉਦੋਂ ਮੈਂ ਇਸ ਨੂੰ ਵੇਚਾਂਗਾ ਅਤੇ ਖੂਬ ਪੈਸਾ ਕਮਾਵਾਂਗਾ।'

'ਉਏ ਹੋਏ, ਇਸ ਜ਼ਹਿਰ ਭਰੇ ਗੰਦੇ ਪਾਣੀ ਨੂੰ ਤੁਸੀਂ ਭੋਲੇ ਲੋਕਾਂ ਵੇਚ ਕੇ ਧਨ ਕਮਾਉਗੇ? ਸ਼ਰਮ ਨਾ ਆਵੇਗੀ?' ਉਸ ਨੇ ਆਪਣਾ ਨੱਕ ਬੰਦ ਕਰਦਿਆਂ ਰੋਹ ਜਿਹੇ 'ਚ ਵਪਾਰੀ ਨੂੰ ਪੁੱਛਿਆ।

'ਸ਼ਰਮ ਮੈਨੂੰ ਨਹੀਂ, ਸ਼ਰਮ ਤਾਂ ਉਨ੍ਹਾਂ ਲੋਕਾਂ ਨੂੰ ਆਉਣੀ ਚਾਹੀਦੀ ਐ ਜਿਹੜੇ ਇਸ ਨੂੰ ਗੰਧਲਾ ਕਰਨ ਅਤੇ ਖਤਮ ਕਰਨ ਉਤੇ ਤੁਲੇ ਹੋਏ ਹਨ। ਮੈਂ ਇਸ ਨੂੰ ਸੰਭਾਲਦਾ ਹਾਂ। ਫਿਰ ਮੈਂ ਬਿਜ਼ਨਸਮੈਨ ਹਾਂ, ਕੁਝ ਵੀ ਸੋਚ ਸਕਦਾ ਹਾਂ। ਸੱਚੀ ਗੱਲ ਦੱਸਾਂ, ਇਕ ਦਿਨ ਇਸੇ ਗੰਦੇ ਪਾਣੀ ਨੂੰ ਖਰੀਦਣ ਵਾਲਿਆਂ ਦੀ ਲੱਗੀ ਹੋਈ ਲੰਬੀ ਲਾਈਨ 'ਚ ਮੈਨੂੰ ਤੁਸੀ ਵੀ ਕਿਤੇ ਦੂਰ ਖੜੇ ਦਿਖਾਈ ਦੇਵੋਂਗੇ?'

ਹੁਣ ਬੁੱਧੀਮਾਨ ਦੀ ਬੁੱਧੀਮਾਨੀ ਵਪਾਰੀ ਦੀ 'ਸੋਚ' ਅੱਗੇ ਚੁੱਪ ਹੋ ਗਈ ਸੀ।

## ਸਕੂਨ

-ਰਸ਼ਪਿੰਦਰਪਾਲ ਕੌਰ

ਚੰਦਨ ਮਾਪਿਆਂ ਦਾ ਵੱਡਾ ਪੁੱਤਰ ਸੀ। ਉਹ ਸ਼ਹਿਰ ਵਿੱਚ ਬੈਂਕ ਮੈਨੇਜਰ ਸੀ। ਮਾਂ ਬਾਪ ਖੇਤ ਦਾ ਕੰਮ ਸਾਂਭਦੇ ਛੋਟੇ ਪੁੱਤਰ ਕੋਲ ਰਹਿੰਦੇ ਸਨ। ਚੰਦਨ ਹਰ ਸਾਲ ਧਾਰਮਿਕ ਯਾਤਰਾ 'ਤੇ ਜਾਂਦਾ। ਉਹ ਕਦੇ ਕਦਾਈ ਹੀ ਪਿੰਡ ਆਉਂਦਾ। ਮਾਂ ਬਾਪ ਉਸ ਦੇ ਪਰਵਾਰ ਨੂੰ ਹੱਥੀਂ ਛਾਵਾਂ ਕਰਦੇ। ਚੰਦਨ ਤੇ ਉਸ ਦੇ ਪਰਵਾਰ ਨੇ ਮਾਂ ਬਾਪ ਨੂੰ ਕਦੇ ਆਪਣੇ ਕੋਲ ਕੁਝ ਦਿਨ ਰੱਖਣ ਦੀ ਸੁਲ੍ਹਾ ਵੀ ਨਹੀਂ ਸੀ ਮਾਰੀ।

ਐਤਕੀਂ ਚੰਦਨ ਪਰਵਾਰ ਨਾਲ ਹਫਤਾ ਭਰ ਧਾਰਮਿਕ ਸਥਾਨ 'ਤੇ ਸੇਵਾ ਕਰਕੇ ਪਿੰਡ ਮੁੜਿਆ। ਉਹ ਪਰਵਾਰ 'ਚ ਬੈਠਾ ਕਹਿਣ ਲੱਗਾ, 'ਸਾਰੀਆਂ ਧਾਰਮਿਕ ਥਾਵਾਂ 'ਤੇ ਸੇਵਾ ਕਰ ਮੁੜਿਆ, ਪਰ ਕਿਤੋਂ ਸਕੂਨ ਨਹੀਂ ਮਿਲਿਆ।'

'ਠੀਕ ਕਿਹਾ ਬੇਟਾ, ਪਰ ਇਹ ਕੰਮ ਘਰ ਤੋਂ ਸ਼ੁਰੂ ਹੋਣਾ ਚਾਹੀਦਾ ਹੈ।' ਚੰਦਨ ਮਾਂ ਦੇ ਰਮਜ਼ ਭਰੇ ਬੋਲਾਂ ਨੂੰ ਸੁਣ, ਨੀਵੀਂ ਪਾਈ ਸੌਣ ਲਈ ਆਪਣੇ ਕਮਰੇ ਨੂੰ ਹੋ ਤੁਰਿਆ।

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

# ਚੰਗੇਰੇ ਸਮਾਜ ਦਾ ਸੁਪਨਾ ਸਿਰਜਦੀਆਂ ਕਵਿਤਾਵਾਂ– ਸੁਰਿੰਦਰ ਗੀਤ ਦੀ ਪੁਸਤਕ : ਸ਼ਬਦ ਸੁਨੱਖੇ

ਰਿਵੀਉਕਾਰ :
ਡਾ. ਅਮਰਜੀਤ ਕੌਂਕੇ



ਸੁਰਿੰਦਰ ਗੀਤ ਦਾ ਨਾਮ ਪੰਜਾਬੀ ਕਵਿਤਾ ਦੇ ਖੇਤਰ ਵਿਚ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ. ਹੁਣ ਤਕ ਉਸਦੇ ਛੇ ਕਾਵਿ-ਸੰਗ੍ਰਹਿ, ਤੁਰੀ ਸਾਂ ਮੈਂ ਉਥੋਂ, ਸੁਣ ਨੀ ਜਿੰਦੇ, ਚੰਦ ਸਿਤਾਰੇ ਮੇਰੇ ਵੀ ਨੇ, ਮੋਹ ਦੀਆਂ ਛੱਲਾਂ, ਕਾਨੇ ਦੀਆਂ ਕਲਮਾਂ, ਰੁੱਖ ਤੇ ਪੰਛੀ ਅਤੇ ਇਕ ਵਾਰਤਕ ਪੁਸਤਕ ਧੀ ਦਾ ਕਰਜ਼ ਪ੍ਰਕਾਸ਼ਿਤ ਹੋ ਚੁਕੇ ਹਨ. ' ਸ਼ਬਦ ਸੁਨੱਖੇ ' ਉਸਦਾ ਨਵਾਂ ਕਾਵਿ ਸੰਗ੍ਰਹਿ ਹੈ ਜਿਸ ਵਿਚ ਲੇਖਿਕਾ ਆਪਣੇ ਕਾਵਿ-ਸਫਰ ਦਾ ਅਗਲੇਰਾ ਪੜਾਅ ਤੈਅ ਕਰਦੀ ਹੈ.

ਆਪਣੀ ਕਵਿਤਾ ਦੇ ਬਲਬੂਤੇ ਸੁਰਿੰਦਰ ਸਮਕਾਲੀ ਕਵਿਤਾ ਦੇ ਖੇਤਰ ਵਿਚ ਆਪਣੀ ਨਿਵੇਕਲੀ ਪਛਾਣ ਤੈਅ ਕਰਦੀ ਨਜ਼ਰ ਆਉਂਦੀ ਹੈ. ਉਸਨੇ ਜੀਵਨ ਦਾ ਲੰਬਾ ਅਨੁਭਵ ਪ੍ਰਾਪਤ ਕੀਤਾ ਹੈ ਅਤੇ ਉਸ ਕੋਲ ਇਕ ਸਮਰਥ ਕਾਵਿ-ਭਾਸ਼ਾ ਹੈ. ਉਸ ਕੋਲ ਇਕ ਵਿਲੱਖਣ ਕਾਵਿ-ਦ੍ਰਿਸ਼ਟੀ ਹੈ ਜਿਸ ਸਦਕਾ ਉਹ ਆਪਣੀਆਂ ਕਵਿਤਾਵਾਂ ਦੇ ਵਸਤੂ ਦੀ ਚੋਣ ਕਰ ਕੇ ਉਸਨੂੰ ਆਪਣੇ ਸ਼ਬਦਾਂ ਦੀ ਕੁਠਾਲੀ ਵਿੱਚ ਢਾਲ ਕੇ ਪ੍ਰਸਤੁਤ ਕਰਦੀ ਹੈ. ਉਸਦੀਆਂ ਕਵਿਤਾਵਾਂ ਵਿਚ ਰੁਦਨ ਵਿਲਾਪ ਨਹੀਂ ਸਗੋਂ ਇਕ ਚੰਗੇਰਾ ਸਮਾਜ ਸਿਰਜਣ ਲਈ ਇਕ ਸੁਪਨਾ ਆਕਾਰ ਲੈਂਦਾ ਦ੍ਰਿਸ਼ਟੀਗੋਚਰ ਹੁੰਦਾ ਹੈ. ਉਹ ਜਾਣਦੀ ਹੈ ਕਿ ਉਸਨੇ ਅਨਿਆਂ ਤੇ ਜ਼ੁਲਮ ਦੇ ਖਿਲਾਫ ਆਪਣੀ ਕਵਿਤਾ ਨੂੰ ਇਕ ਹਥਿਆਰ ਵਾਂਗ ਕਿਸ ਤਰਾਂ ਇਸਤੇਮ-ਾਲ ਕਰਨਾ ਹੈ. ਇਹ ਚੇਤਨਾ ਵਿਰਲੇ ਕਵੀਆਂ ਕੋਲ ਹੀ ਹੁੰਦੀ ਹੈ ਕਿ ਉਹ ਕਵਿਤਾ ਦੀ ਸਿਰਜਣਾ ਦੇ ਨਾਲ ਆਪਣੀ ਕਵਿਤਾ ਲਿਖਣ ਦੇ ਮਕਸਦ ਨੂੰ ਵੀ ਸਮਝਦੇ ਹੋਣ. ਸੁਰਿੰਦਰ ਨੂੰ ਇਹ ਸਮਝ ਹੈ ਕਿ ਉਸਨੇ ਆਪਣੀ ਕਵਿਤਾ ਰਹਿਣ ਕਿਸ ਤਰਾਂ ਦੇ ਸੰਦੇਸ਼ ਨੂੰ ਪਾਠਕ ਮਨ ਤੱਕ ਸੰਚਾਰ ਕਰਨਾ ਹੈ.....

ਐਵੇਂ ਲਿਖੀ ਨਾ ਜਾਣਾ
ਇਹ ਦਰਦ ਦੀ ਕਹਾਣੀ
ਡੁੱਬਣਾ ਲਹੂ ਚ ਪੈਣਾ
ਲੰਘਣਾ ਸੰਗੀਨਾਂ ਥਾਂਈ
ਬਿਨ ਹੋਸ਼ ਦੇ ਤੂੰ ਕੁੜੀਏ
ਕੱਤੀਂ ਨਾ ਕੋਈ ਪੂਣੀ
ਇੱਕੋ ਤ੍ਰੇੜੇ ਤੰਦ ਨੇ
ਨੈਣਾਂ ਚ ਤੇਰੇ ਭਰਨਾ
ਉਮਰਾਂ ਦਾ ਖਾਰਾ ਪਾਣੀ.....

ਅਜੋਕੀ ਭ੍ਰਿਸ਼ਟ ਰਾਜਨੀਤੀ ਨੇ ਸਾਡੇ ਸੱਭਿਆਚਾਰ, ਭਾਈਚਾਰੇ, ਅਮਨ, ਸ਼ਾਂਤੀ ਨੂੰ ਰੱਜ ਕੇ ਖੇਰੂੰ ਖੇਰੂੰ ਕੀਤਾ ਹੈ. ਰਾਜਨੇਤਾਵਾਂ ਲਈ ਸਾਧਾਰਨ ਮਨੁੱਖ, ਮਨੁੱਖ ਨਹੀਂ ਰਿਹਾ ਸਗੋਂ ਇਕ ਵੋਟ ਵਿਚ ਤਬਦੀਲ ਹੋ ਗਿਆ ਹੈ. ਪੂੰਜੀਵਾਦ ਦੀ ਇਸ ਅੰਨ੍ਹੀਂ ਦੌੜ ਵਿਚ ਗ੍ਰਸਤ ਮਨੁੱਖ ਏਨਾ ਸਵਾਰਥੀ ਹੋ ਗਿਆ ਹੈ ਕਿ ਉਸਨੂੰ ਆਪਣੇ ਪਰਾਏ ਦੀ ਵੀ ਪਛਾਣ ਨਹੀਂ ਰਹੀ. ਇਨਸਾਨੀਅਤ. ਮੋਹ ਮੁਹੱਬਤ, ਪਿਆਰ, ਆਧੁਨਿਕ ਇਨਸਾਨ ਅੰਦਰੋਂ ਖੰਭ ਲਾ ਕੇ ਉੱਡ ਗਏ ਹਨ. ਸੁਰਿੰਦਰ ਗੀਤ ਇਸ ਅਮਾਨਵੀ ਵਿਹਾਰ ਦਾ ਕਾਰਨ ਅਜੋਕੇ ਰਾਜਨੀਤਕ ਸੱਭਿਆਚਾਰ ਵਿਚ ਪਿਆ ਮਹਿਸੂਸ ਕਰਦੀ ਹੈ.....

ਤੂੰ ਆਪਣੇ ਤਿੰਨ ਬਾਂਦਰਾਂ ਦੀ
ਤਸਵੀਰ ਕੀ ਵਿਖਾਈ
ਅਸੀਂ ਤੇਰੇ ਬਾਂਦਰਾਂ ਦੇ
ਵਫ਼ਾਦਾਰ ਚੇਲੇ ਬਣ ਗਏ
ਤੇ ਆਪਣੀਆਂ ਅੱਖਾਂ ਕੰਨਾਂ ਅਤੇ
ਮੂੰਹਾਂ ਤੇ ਹੱਥ ਧਾਰ ਲਏ
ਤੇ ਹੁਣ ਅਸੀਂ
ਲੋਕਾਂ ਤੋਂ ਵੋਟਾਂ ਬਣ ਗਏ.......

ਸੁਰਿੰਦਰ ਗੀਤ ਐਸੇ ਹਰ ਕਿਸਮ ਦੇ ਵਰਤਾਰੇ ਤੋਂ ਵਿਦਰੋਹ ਕਰਦੀ ਹੈ ਜਿਥੇ ਹਿੰਸਾ, ਕਰੂਰਤਾ, ਅਨਿਆਂ ਦਾ ਬੋਲਬਾਲਾ ਹੈ. ਸਾਡੇ ਸਮਾਜਿਕ ਵਰਤਾਰੇ ਵਿਚ ਪਸਰੇ ਹਿੰਸਾ, ਕੁਹਜ ਅਤੇ ਅਨਿਆਂ ਦਾ ਮੂਲ ਕਾਰਨ ਸਮਾਜਿਕ ਤੇ ਆਰਥਿਕ ਅਸਮਾਨਤਾ ਹੈ. ਜਦ ਤਕ ਸਮਾਜ ਵਿਚ ਇਹ ਅਸਮਾਨਤਾ ਅਤੇ ਨਾਬਰਾਬਰੀ ਰਹੇਗੀ ਉਨਾਂ ਚਿਰ ਕੋਈ ਵੀ ਸਮਾਜਿਕ ਢਾਂਚਾ ਤਰੱਕੀ ਦੀਆਂ ਉਚੇਰੀਆਂ ਮੰਜ਼ਿਲਾਂ ਛੋਹ ਨਹੀਂ ਸਕਦਾ. ਆਪਣੀ ਕਵਿਤਾ ਅੱਗ ਵਿਚ ਉਹ ਐਸਾ ਹੀ ਇਕ ਕਾਵਿਕ-ਦ੍ਰਿਸ਼ ਸਿਰਜਦੀ ਹੈ. ਉਸ ਅਨੁਸਾਰ ਅੱਗ ਭੁੱਖ ਦੇ ਢਿੱਡ ਵਿਚੋਂ ਜੰਮਦੀ ਹੈ. ਤੇ ਜਦੋਂ ਇਹ ਭੁੱਖ ਦੀ ਅੱਗ ਰਾਜਨੀਤਿਕ ਨੇਤਾਵਾਂ ਦੇ ਹੱਥਾਂ ਵਿਚ ਚਲੀ ਜਾਂਦੀ ਹੈ ਤਾਂ ਉਹ ਇਸ ਨੂੰ ਐਸੇ ਕੁਰਾਹੇ ਪਾ ਦਿੰਦੇ ਹਨ ਜੋ ਸਾਡੇ ਸਮਾਜ ਨੂੰ ਅਰਾਜਕਤਾ ਦੇ ਰਾਹ ਲੈ ਤੁਰਦੀ ਹੈ.ਜਿਸ ਸਮਾਜ ਵਿਚ ਵੀ ਪੇਟ ਦੀ ਅਗਨ ਨਹੀਂ ਬੁਝ ਸਕਦੀ ਉਸ ਸਮਾਜਿਕ ਵਰਤਾਰੇ ਵਿਚ ਇਹ ਅਗਨ ਤਮਾਸ਼ਾ ਕਦੇ ਖ਼ਤਮ ਨਹੀਂ ਹੋ ਸਕਦਾ. ਸੁਰਿੰਦਰ ਆਪਣੀ ਇਸ ਕਵਿਤਾ ਵਿਚ ਇਸ ਅਗਨ ਦੇ ਮੂਲ ਸਰੋਤ ਨੂੰ ਖਤਮ ਕਰਨ ਦਾ ਸੰਦੇਸ਼ ਦਿੰਦੀ ਹੈ.....






ਅੱਗ ਹਾਂ ਅੜਿਆ
ਅੱਜ ਤਕ ਕਿਸਨੇ
ਅੱਗ ਨੂੰ ਅੱਗ ਨਾਲ
ਕਾਬੂ ਕਰਿਆ
ਮੇਰਾ ਤਾਂ ਬਸ ਇੱਕੋ ਦਾਰੂ
ਮੈਂ ਤਾਂ ਭੁੱਖ ਦੇ ਢਿੱਡੋਂ ਜੰਮਦੀ
ਮੈਂ ਤਾਂ ਕੇਵਲ ਰੋਟੀ ਮੰਗਦੀ....

ਸੁਰਿੰਦਰ ਗੀਤ ਦੀਆਂ ਕਵਿਤਾਵਾਂ ਅਸਲ ਵਿਚ ਖਤਮ ਹੋ ਰਹੀ ਇਨਸਾਨੀਅਤ ਤੇ ਮੋਹ ਮੁਹੱਬਤ ਨੂੰ ਪੁਨਰ ਸਿਰਜਤ ਕਰਨ ਦਾ ਉਪਰਾਲਾ ਹਨ. ਉਹ ਲੰਬੇ ਸਮੇਂ ਤੋਂ ਭਾਵੇਂ ਪੰਜਾਬ ਦੀ ਧਰਤੀ ਤੋਂ ਦੂਰ ਰਹਿ ਰਹੀ ਹੈ ਪਰ ਫਿਰ ਵੀ ਉਸਦਾ ਮਨ ਅਜੇ ਵੀ ਇਸ ਮਿੱਟੀ ਦੇ ਮੋਹ ਨਾਲ ਜੁੜਿਆ ਹੋਇਆ ਹੈ. ਉਹ ਪੰਜਾਬੀ ਸੱਭਿਆਚਾਰ ਅਤੇ ਗੁਆਚ ਰਹੀ ਸਭਿਆਚਾਰਕ ਪਛਾਣ ਬਾਰੇ ਬੇਚੈਨ ਹੁੰਦੀ ਹੈ ਤੇ ਉਸ ਬੇਚੈਨੀ ਨੂੰ ਆਪਣੀ ਕਵਿਤਾ ਰਾਹੀਂ ਅਭਿਵਿਅਕਤ ਵੀ ਕਰਦੀ ਹੈ. ਪੰਜਾਬੀ ਸਭਿਆਚਾਰ ਦਾ ਮੂਲ ਸਰੋਤ ਗੁਰੂਆਂ ਪੀਰਾਂ ਸੂਫੀਆਂ ਨਾਲ ਸੰਬੰਧਿਤ ਹੈ. ਪੂਰਨ ਸਿੰਘ ਨੇ ਕਿਹਾ ਸੀ ਕਿ ਪੰਜਾਬ ਵੱਸਦਾ ਗੁਰਾਂ ਦੇ ਨਾਂ ਤੇ. ਪਰ ਗੁਰੂਆਂ ਦੇ ਨਾਂ ਤੇ ਵੱਸਣ ਵਾਲਾ ਇਹ ਪੰਜਾਬ ਅੱਜ ਗੁਰੂਆਂ ਦੇ ਅਸਲ ਸੰਦੇਸ਼ ਤੋਂ ਕੋਹਾਂ ਦੂਰ ਚਲਿਆ ਗਿਆ ਹੈ. ਗੁਰੂਆਂ ਦੀ ਬਾਣੀ ਵਿਚਲਾ ਸੰਦੇਸ਼ ਅਸੀਂ ਪੜ੍ਹਦੇ ਜ਼ਰੂਰ ਹਾਂ ਪਰ ਉਸਨੂੰ ਅਮਲ ਵਿਚ ਨਹੀਂ ਲਿਆਉਂਦੇ.

ਰੇਸ਼ਮੀ ਰੁਮਾਲੇ ਲਾਹ ਕੇ ਬਾਣੀ ਤਾਂ ਪੜ੍ਹਦੇ ਹਾਂ ਪਰ ਉਨ੍ਹਾਂ ਦੇ ਅਰਥਾਂ ਤਕ ਪਹੁੰਚਣ ਤੋਂ ਅਸਮਰਥ ਰਹਿੰਦੇ ਹਾਂ. ਇਸੇ ਲਈ ਅਸੀਂ ਗੁਰੂ ਦੇ ਸੰਦੇਸ਼ ਨਾਲੋਂ ਟੁੱਟਦੇ ਜਾ ਰਹੇ ਅਨੈਤਿਕ ਕਾਰਜਾਂ ਵਿਚ ਲਿਪਤ ਹੋ ਰਹੇ ਹਾਂ. ਸੁਰਿੰਦਰ ਗੀਤ ਦੀ ਕਵਿਤਾ ਇਸ ਇਹਸਾਸ ਨੂੰ ਬਹੁਤ ਖੂਬੀ ਨਾਲ ਆਪਣੀ ਕਵਿਤਾ ' ਹੇ ਗੁਰੂ ' ਵਿਚ ਪੇਸ਼ ਕਰਦੀ ਹੈ. ਇਸ ਲੰਬੀ ਕਵਿਤਾ ਦੇ ਅੰਤ ਤੇ ਉਹ ਦੁਆ ਕਰਦੀ ਹੈ....

ਤੂੰ ਸਾਨੂੰ
ਆਪਣਾ ਸ਼ਬਦ
ਪੜ੍ਹਨ ਤੇ ਸਮਝਣ ਦੀ
ਸੁਮੱਤ ਬਖਸ਼
ਆਪਣੇ ਸੱਚੇ ਪੈਰੋਕਾਰ
ਤੇ ਇਨਸਾਨ ਬਣਨ ਦਾ ਬਲ
ਬਖਸ਼......

ਸੁਰਿੰਦਰ ਗੀਤ ਦੀਆਂ ਕਵਿਤਾਵਾਂ ਵਿਚ ਰੁਦਨ ਵਿਲਾਪ ਨਹੀਂ ਸਗੋਂ ਇਹ ਕਵਿਤਾਵਾਂ ਇਕ ਚੰਗੇਰੇ ਸਮਾਜ ਦਾ ਸੁਪਨਾ ਸਿਰਜਣ ਦਾ ਸੰਕਲਪ ਸਿਰਜਦੀਆਂ ਹਨ. ਇਹਨਾਂ ਵਿਚ ਸਮਕਾਲੀ ਨਾਰੀ ਕਵਿਤਾ ਵਾਂਗ ਮਰਦਾਂ ਜਾਂ ਪਤੀਆਂ, ਪ੍ਰੇਮੀਆਂ ਨੂੰ ਉੱਚੀ ਜਾਂ ਨੀਵੀਂ ਭਾਸ਼ਾ ਵਾਲੀਆਂ ਤਨਜ਼ਾਂ ਜਾਂ ਵਿਅੰਗ ਨਹੀਂ ਸਗੋਂ ਇਹ ਕਵਿਤਾਵਾਂ ਨਿੱਜ ਦੇ ਮਸਲਿਆਂ ਅਤੇ ਜੈਂਡਰ ਤੋਂ ਪਾਰ ਸਮੁੱਚੀ ਮਾਨਵਤਾ ਦੇ ਦਰਦ ਨੂੰ ਆਪਣੇ ਕਲਾਵੇ ਵਿਚ ਲੈਂਦੀਆਂ ਹਨ. ਸਮੁੱਚੀ ਮਨੁੱਖਤਾ ਦਾ ਦਰਦ ਤੇ ਪੀੜ ਇਨ੍ਹਾਂ ਕਵਿਤਾਵਾਂ ਵਿਚੋਂ ਮਹਿਸੂਸ ਕੀਤੀ ਜਾ ਸਕਦੀ ਹੈ. ਕੁਝ ਗ਼ਜ਼ਲਾਂ ਤੇ ਨਿੱਕੀਆਂ ਕਵਿਤਾਵਾਂ ਵੀ ਇਸ ਸੰਗ੍ਰਹਿ ਵਿਚ ਸ਼ਾਮਲ ਹਨ. ਉਨ੍ਹਾਂ ਵਿਚ ਵੀ ਸੁਰਿੰਦਰ ਦੀ ਬਾਰੀਕ-ਦ੍ਰਿਸ਼ਟੀ ਦੇਖਣ ਯੋਗ ਹੈ. ਨਿੱਕੀਆਂ ਨਿੱਕੀਆਂ ਕਵਿਤਾਵਾਂ ਵਿਚ ਵੱਡੇ ਅਰਥਾਂ ਦਾ ਸੰਚਾਰ ਹੁੰਦਾ ਪ੍ਰਤੀਤ ਹੁੰਦਾ ਹੈ.

ਜਦੋਂ ਪੌਣ
ਪੌਣ ਨਾ ਰਹੇ
ਗੁਸਤਾਖ ਪੌਣ ਬਣ ਜਾਵੇ
ਤਾਂ ਆਦਮੀ ਨੂੰ
ਡੂੰਘਾ ਉਤਰਨਾ ਪੈਂਦਾ ਹੈ
ਆਪਣੇ ਆਪ ਵਿਚ
ਇਸ ਗੁਸਤਾਖ ਪੌਣ ਨਾਲ
ਨਜਿੱਠਣ ਦੇ ਲਈ......

ਇਸ ਤਰਾਂ ਸੁਰਿੰਦਰ ਗੀਤ ਇਸ ਸੰਗ੍ਰਹਿ ਰਾਹੀਂ ਇਕ ਵਾਰ ਫੇਰ ਆਪਣੀ ਕਾਵਿਕ-ਪ੍ਰਤਿਭਾ ਦਾ ਪ੍ਰਮਾਣ ਪੇਸ਼ ਕਰਦੀ ਹੈ. ਜਿਵੇਂ ਮੈਂ ਪਹਿਲਾਂ ਕਿਹਾ ਹੈ ਕਿ ਸੁਰਿੰਦਰ ਕੋਲ ਇਕ ਨਿਵੇਕਲੀ ਕਾਵਿ ਦ੍ਰਿਸ਼ਟੀ ਹੈ, ਇਕ ਸਮਰੱਥ ਕਾਵਿ ਭਾਸ਼ਾ ਹੈ ਅਤੇ ਆਪਣੀ ਗੱਲ ਨੂੰ ਵਿਲੱਖਣ ਰੰਗ ਵਿਚ ਪੇਸ਼ ਕਰਨ ਦੀ ਕਲਾ ਹੈ. ਉਹ ਸਰਲ ਸਧਾਰਨ ਸ਼ਬਦਾਂ ਵਿਚ ਜਟਿਲ ਸਥਿਤੀਆਂ ਨੂੰ ਆਪਣੀ ਕਵਿਤਾ ਵਿਚ ਸਿਰਜਣ ਦੇ ਸਮਰਥ ਹੈ ਇਸੇ ਲਈ ਉਸਦੀ ਕਵਿਤਾ ਨੂੰ ਪਾਠਕ ਬਹੁਤ ਹੀ ਸਹਿਜਤਾ ਨਾਲ ਗ੍ਰਹਿਣ ਕਰਦਾ ਹੈ. ਮੈਨੂੰ ਪੂਰੀ ਉਮੀਦ ਹੈ ਕਿ ਇਹ ਸੰਗ੍ਰਹਿ ਸੁਰਿੰਦਰ ਗੀਤ ਦੀ ਕਾਵਿ-ਯਾਤਰਾ ਦਾ ਇਕ ਮਹੱਤਵਪੂਰਨ ਪੜਾਅ ਨਿਸ਼ਚਿਤ ਕਰੇਗਾ.

ਡਾ. ਅਮਰਜੀਤ ਕੌਂਕੇ
98142 31698

# ਮਿਡਲ: ਵੀਜ਼ਾ ਦਰਖਾਸਤਾਂ ਦੀ ਦਾਸਤਾਨ



ਨਰਿੰਦਰ ਪਾਲ ਸਿੰਘ ਜਗਦਿਓ

ਕੈਨੇਡਾ ਦੇ ਵਿਜ਼ਟਰ ਵੀਜ਼ਾ ਦੀ ਓਨੀ ਫੀਸ ਨਹੀਂ ਜਿੰਨਾ ਪੈਸਾ ਵੀਜ਼ਾ ਦਰਖਾਸਤਾਂ ਭਰਨ ਵਾਲੇ ਏਜੰਟ ਲਈ ਜਾ ਰਹੇ ਹਨ। ਇਹੀ ਹਾਲ ਬਾਕੀ ਦੇਸ਼ਾਂ ਜਿਵੇਂ ਕਿ ਆਸਟ੍ਰੇਲੀਆ, ਮਲੇਸ਼ੀਆ, ਸਿੰਘਾਪੁਰ, ਦੁਬਈ ਜਾਂ ਸ਼ੈਨੇਗਨ ਵੀਜ਼ਾ (ਯੂਰਪੀ ਦੇਸ਼ਾਂ ਦਾ ਵੀਜ਼ਾ) ਪ੍ਰਾਪਤ ਕਰਨ ਲਈ ਭਰੇ ਜਾਣ ਵਾਲੇ ਦਰਖਾਸਤ ਫਾਰਮਾਂ ਦਾ ਹੈ। ਇਹ ਤਾਂ ਮੰਨਿਆ ਕਿ ਅਨਪੜ੍ਹ ਬੰਦਾ ਕਿਸੇ ਏਜੰਟ ਕੋਲੋਂ ਆਪਣੇ ਪੇਪਰ ਤਿਆਰ ਕਰਵਾ ਲਵੇ ਪਰ ਚੰਗੇ ਪੜ੍ਹੇ-ਲਿਖੇ, ਐਂਡਰਾਇਡ ਤੇ ਆਈ ਫੋਨਾਂ ਦੀ ਵਰਤੋਂ ਕਰਨ ਵਾਲੇ ਅਤੇ ਚੰਗੀ ਜਾਣਕਾਰੀ ਰੱਖਣ ਵਾਲੇ ਲੋਕ ਵੀ ਵੀਜ਼ਾ ਦਰਖਾਸਤਾਂ ਭਰਵਾਉਣ ਲਈ ਥਾਂ-ਥਾਂ ਖੁੱਲ੍ਹੀਆਂ ਇਨ੍ਹਾਂ ਦੁਕਾਨਾਂ ਦੇ ਚੱਕਰ ਕੱਢਦੇ ਫਿਰਦੇ ਹਨ।

ਮੌਜੂਦਾ ਸਮੇਂ ਜਦੋਂ ਸਾਰੀ ਜਾਣਕਾਰੀ ਬਹੁਤ ਆਸਾਨੀ ਨਾਲ ਇੰਟਰਨੈਟ ਤੋਂ ਲਈ ਜਾ ਸਕਦੀ ਹੈ ਤਾਂ ਸਿਰਫ ਵੀਜ਼ਾ ਦਰਖਾਸਤ ਭਰਵਾਉਣ ਲਈ ਹਜ਼ਾਰਾਂ ਰੁਪਏ ਫੀਸ ਵੱਜੋਂ ਅਦਾ ਕਰਨੇ ਕੋਈ ਸਿਆਣੀ ਗੱਲ ਨਹੀਂ। ਹਰੇਕ ਦੇਸ਼ ਦਾ ਵੀਜ਼ਾ ਕਿਵੇਂ, ਕਿੱਥੋਂ ਅਤੇ ਕਿਹੜੇ ਦਸਤਾਵੇਜ਼ ਜਮ੍ਹਾਂ ਕਰਵਾ ਕੇ ਪ੍ਰਾਪਤ ਕਰਨਾ ਹੈ ਇਸ ਦੀ ਜਾਣਕਾਰੀ ਉਸ ਦੇਸ਼ ਦੀ ਵੈੱਬਸਾਈਟ ਜਾਂ ਵੀਐਫਐਸ (ਵੀਜ਼ਾ ਫੈਸੀਲੀਟੇਸ਼ਨ ਸਰਵਿਸ) ਦੀ ਵੈੱਬਸਾਈਟ ਤੋਂ ਬਹੁਤ ਆਸਾਨੀ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ। ਅੰਗਰੇਜ਼ੀ ਭਾਸ਼ਾ ਦੀ ਆਮ ਜਾਣਕਾਰੀ ਰੱਖਣ ਵਾਲਾ ਵਿਅਕਤੀ ਇਨ੍ਹਾਂ ਵੈੱਬਸਾਈਟਾਂ ਉੱਤੋਂ ਕਦਮ-ਦਰ-ਕਦਮ ਦਰਖਾਸਤ ਭਰਨ ਦੀ ਜਾਣਕਾਰੀ ਹਾਸਲ ਕਰ ਸਕਦਾ ਹੈ। ਇਹ ਸਾਰੀ ਪ੍ਰਕਿਰਿਆ ਬਹੁਤ ਆਸਾਨ ਹੈ। ਦਸਵੀਂ ਦਾ ਫਾਰਮ ਭਰਨ ਜਿੰਨੀਆਂ ਸੌਖੀਆਂ ਗੱਲਾਂ ਤੇ ਦਰਖਾਸਤ ਜਮ੍ਹਾਂ ਕਰਵਾਉਣ ਵਾਲੇ ਬਾਰੇ ਆਮ ਜਿਹੀ ਜਾਣਕਾਰੀ ਇਨ੍ਹਾਂ ਫਾਰਮਾਂ ਵਿਚ ਭਰਨੀ ਹੁੰਦੀ ਹੈ। ਦਰਖਾਸਤ ਨਾਲ ਕਿਹੜੇ ਦਸਤਾਵੇਜ਼ ਜਮ੍ਹਾਂ ਕਰਵਾਉਣੇ ਹਨ ਇਸ ਬਾਰੇ ਵੀ ਸਾਰਾ ਕੁਝ ਵੈੱਬਸਾਈਟਾਂ ਉੱਤੇ ਦੱਸਿਆ ਹੁੰਦਾ ਹੈ।

ਸਬੰਧਤ ਦੇਸ਼ਾਂ ਦੀਆਂ ਵੈੱਬਸਾਈਟਾਂ ਉੱਤੇ ਬਹੁਤ ਸਪੱਸ਼ਟ ਲਿਖਿਆ ਹੁੰਦਾ ਹੈ ਕਿ ਆਪਣੀ ਦਰਖਾਸਤ ਜਮ੍ਹਾਂ ਕਰਵਾਉਣ ਲਈ ਕੀ-ਕੀ ਕੀਤਾ ਜਾਣਾ ਹੈ ਅਤੇ ਕਿਸ ਮੰਤਵ ਲਈ ਕਿਹੜਾ ਵੀਜ਼ਾ ਲਿਆ ਜਾ ਸਕਦਾ ਹੈ। ਹਰੇਕ ਦੇਸ਼ ਵੀਜ਼ਾ ਦਰਖਾਸਤ ਫਾਰਮ ਖੁਦ ਭਰਨ ਅਤੇ ਜਮ੍ਹਾਂ ਕਰਵਾਉਣ ਲਈ ਉਤਸ਼ਾਹਿਤ ਕਰਦਾ ਹੈ ਪਰ ਅਸੀਂ ਐਵੇਂ ਵਾਧੂ ਪੈਸੇ ਖਰਚੀ ਜਾ ਰਹੇ ਹਾਂ। ਪਹਿਲੀ ਵਾਰ 2014 ਵਿਚ ਜਦੋਂ ਕੈਨੇਡਾ ਤੋਂ ਜੱਸੀ ਮਾਮਾ ਜੀ ਨੇ ਟੂਰਿਸਟ ਵੀਜ਼ਾ ਲਈ ਅੰਮੀ ਨੂੰ ਸਪਾਂਸਰਸ਼ਿਪ ਭੇਜੀ ਤਾਂ ਮੈਂ ਤੇ ਮੇਰੇ ਇਕ ਦੋਸਤ ਨੇ ਵੈੱਬਸਾਈਟ ਤੋਂ ਪੜ੍ਹ ਕੇ ਵੀਜ਼ਾ ਐਪਲੀਕੇਸ਼ਨ ਭਰ ਦਿੱਤੀ ਸੀ। ਇਸ ਦਰਖਾਸਤ ਨਾਲ ਸਬੰਧਤ ਕਾਗਜ਼-ਪੱਤਰ ਲਗਾ ਕੇ ਮੈਂ ਚੰਡੀਗੜ੍ਹ ਸਥਿਤ ਦਫਤਰ ਵਿਚ ਜਮ੍ਹਾਂ ਕਰਵਾ ਆਇਆ। 15 ਕੁ ਦਿਨਾਂ ਬਾਅਦ 10 ਸਾਲ ਦਾ ਵੀਜ਼ਾ ਲੱਗ ਕੇ ਆ ਗਿਆ।

ਇਸ ਤੋਂ ਬਾਅਦ 2017 ਵਿਚ ਕੈਨੇਡਾ ਦੇ ਹੀ ਵਿਜ਼ਟਰ ਵੀਜ਼ਾ ਦੀ ਖੁਦ ਦੀ ਫਾਈਲ ਮੈਂ ਆਪ ਤਿਆਰ ਕਰਕੇ ਜਮ੍ਹਾਂ ਕਰਵਾਈ। ਮੇਰਾ ਵੀਜ਼ਾ ਵੀ ਲੱਗ ਕੇ ਆ ਗਿਆ ਸੀ। ਕੁਝ ਸਮਾਂ ਬਾਅਦ ਮੇਰੇ ਇਕ ਦੋਸਤ ਨੇ ਬਹੁਤ ਹੀ ਨਾਮੀਂ ਕੰਪਨੀ ਤੋਂ ਆਪਣੇ ਪੇਪਰ ਤਿਆਰ ਕਰਵਾ ਕੇ ਕੈਨੇਡਾ ਦਾ ਟੂਰਿਸਟ ਵੀਜ਼ਾ ਅਪਲਾਈ ਕੀਤਾ ਪਰ ਉਸਦੀ ਦਰਖਾਸਤ ਕੈਨੇਡਾ ਵਾਲਿਆਂ ਨੇ ਰੱਦ ਕਰ ਦਿੱਤੀ ਸੀ, ਹਾਲਾਂਕਿ ਉਸ ਦਾ ਇੰਗਲੈਂਡ ਦਾ ਵੀਜ਼ਾ ਕੁਝ ਦਿਨ ਪਹਿਲਾਂ ਹੀ ਲੱਗ ਕੇ ਆਇਆ ਸੀ। ਇਸੇ ਤਰ੍ਹਾਂ ਮੇਰੇ ਮਮੇਰੇ-ਮੌਸੇਰੇ ਤਿੰਨ ਭੈਣ-ਭਰਾਵਾਂ ਨੇ ਵੀ ਖੁਦ ਕੈਨੇਡਾ ਦੇ ਵਿਜ਼ਟਰ ਵੀਜ਼ਾ ਦੀ ਦਰਖਾਸਤ ਜਮ੍ਹਾਂ ਕਰਵਾਈ ਸੀ। ਦੋ ਦਾ ਰੱਦ ਹੋ ਗਿਆ ਅਤੇ ਤੀਜੇ ਦਾ ਵੀਜ਼ਾ ਆ ਗਿਆ।

ਅਸਲ ਵਿਚ ਕਿਸੇ ਤੋਂ ਫਾਈਲ ਤਿਆਰ ਕਰਵਾਉਣ ਦਾ ਮਤਲਬ ਇਹ ਨਹੀਂ ਕਿ ਉਹ ਅੰਬੈਸੀ ਨੂੰ ਕਿਸੇ ਵਿਸ਼ੇਸ਼ ਕਿਸਮ ਦਾ ਦਰਖਾਸਤ ਫਾਰਮ ਭਰ ਕੇ ਦੇ ਦੇਵੇਗਾ ਜਾਂ ਤੁਹਾਡੇ ਵੱਲੋਂ ਦਿੱਤੇ ਦਸਤਾਵੇਜ਼ਾਂ ਨੂੰ ਕੋਈ ਖਾਸ ਰੰਗਤ ਚੜ੍ਹਾ ਦੇਵੇਗਾ ਜੋ ਕਿ ਵੀਜ਼ਾ ਦਿਵਾਉਣ ਵਿਚ ਸਹਾਈ ਹੋਵੇਗਾ। ਅੰਬੈਸੀ ਨੇ ਤਾਂ ਵੀਜ਼ਾ ਤੁਹਾਡੇ ਦਸਤਾਵੇਜ਼ਾਂ ਦੇ ਆਧਾਰ 'ਤੇ ਦੇਣਾ ਹੁੰਦਾ ਹੈ ਅਤੇ ਨਾਲ ਲਗਾਈ ਦਰਖਾਸਤ ਤੋਂ ਜਾਣਕਾਰੀ ਪ੍ਰਾਪਤ ਕਰਨੀ ਹੁੰਦੀ ਹੈ। ਬਾਕੀ ਰਹੀ ਗੱਲ ਫਾਈਲ ਤਿਆਰ ਕਰਨ ਦੀ, (ਮਤਲਬ ਕਿ ਸਬੰਧਤ ਦਸਤਾਵੇਜ਼ ਜਿਵੇਂ ਕਿ ਸਪਾਂਸਰਸ਼ਿਪ ਲੈਟਰ, ਸਪਾਂਸਰ ਕਰਨ ਵਾਲੇ ਦੀ ਬੈਂਕ ਸਟੇਟਮੈਂਟ, ਇਨਕਮ ਟੈਕਸ ਰਿਟਰਨ, ਦਰਖਾਸਤਕਰਤਾ ਦੀ ਬੈਂਕ ਸਟੇਟਮੈਂਟ, ਇਨਕਮ ਟੈਕਸ ਰਿਟਰਨਾਂ, ਪ੍ਰਾਪਰਟੀ ਦੇ ਕਾਗਜ਼ਾਤ, ਨੌਕਰੀ ਜਾਂ ਵਪਾਰ ਸਬੰਧੀ ਕਾਗਜ਼ਾਤ, ਸੇਵਿੰਗਜ਼ ਜਾਂ ਐਲਆਈਸੀ ਪਾਲਿਸੀ ਜਾਂ ਹੋਟਲ ਬੁਕਿੰਗ, ਰਿਟਰਨ ਟਿਕਟ, ਟੂਰ ਇੰਸ਼ੋਰੈਂਸ ਆਦਿ) ਤਾਂ ਜ਼ਰੂਰੀ ਕਾਗਜ਼ਾਤ ਜੋ ਏਜੰਟ ਨੇ ਦਰਖਾਸਤ ਨਾਲ ਜਮ੍ਹਾਂ ਕਰਵਾਉਣੇ ਹੁੰਦੇ ਹਨ ਉਹ ਮੁਹੱਈਆ ਤਾਂ ਦਰਖਾਸਤਕਰਤਾ ਵੱਲੋਂ ਹੀ ਕਰਵਾਏ ਜਾਂਦੇ ਹਨ। ਫੇਰ ਦਰਖਾਸਤਕਰਤਾ ਇਹ ਕਾਗਜ਼ਾਤ ਖੁਦ ਕਿਉਂ ਨਹੀਂ ਅੰਬੈਸੀ ਵਿਚ ਜਮ੍ਹਾਂ ਕਰਵਾ ਸਕਦਾ? ਦੋ-ਤਿੰਨ ਪੰਨਿਆਂ ਦਾ ਦਰਖਾਸਤ ਫਾਰਮ ਭਰਨ ਵਿਚ ਕਾਹਦੀ ਔਖਿਆਈ? ਬਹੁਤ ਸਿੱਧੀਆਂ ਤੇ ਸਪੱਸ਼ਟ ਜਿਹੀਆਂ ਜਾਣਕਾਰੀਆਂ ਦੇਣੀਆਂ ਹੁੰਦੀਆਂ ਹਨ, ਅਸੀਂ ਐਵੇਂ ਘਬਰਾ ਜਾਂਦੇ ਹਾਂ!

ਪਿਛਲੇ ਸਾਲ ਅਸੀਂ ਚਾਰ ਜਣੇ ਮਲੇਸ਼ੀਆ ਅਤੇ ਥਾਈਲੈਂਡ ਘੁੰਮ ਕੇ ਆਏ ਹਾਂ। ਦੋਵਾਂ ਦੇਸ਼ਾਂ ਦਾ ਵੀਜ਼ਾ ਅਸੀਂ ਖੁਦ ਅਪਲਾਈ ਕੀਤਾ ਸੀ। ਖੁਦ ਫਾਰਮ ਭਰਕੇ ਅਤੇ ਵੀਜ਼ਾ ਫੀਸ ਅਦਾ ਕਰਕੇ ਵੀਜ਼ੇ ਪ੍ਰਾਪਤ ਕੀਤੇ ਅਤੇ ਆਸਾਨੀ ਨਾਲ ਘੁੰਮ ਆਏ। ਵੀਜ਼ਾ ਦਰਖਾਸਤ ਫਾਰਮ ਭਰਨੇ ਕੋਈ ਔਖਾ ਕੰਮ ਨਹੀਂ, ਬਸ ਅਸੀਂ ਉਂਝ ਹੀ ਡਰਦੇ ਪਹਿਲ ਨਹੀਂ ਕਰਦੇ। ਮੰਨ ਲਿਆ ਕਿ ਇਕ ਅਣਜਾਣ ਬੰਦੇ ਨੂੰ ਵੀਜ਼ੇ ਬਾਰੇ ਕੱਖ ਨਹੀਂ ਪਤਾ ਪਰ ਜੇਕਰ ਉਹ ਐਂਡਰਾਇਡ ਜਾਂ ਆਈ ਫੋਨ ਦੀ ਵਰਤੋਂ ਕਰਦਾ ਹੈ ਤਾਂ ਸੰਬਧਤ ਦੇਸ਼ ਦੇ ਵੀਜ਼ੇ ਬਾਰੇ ਆਨਲਾਈਨ ਸਰਚ ਕਰੇ, ਉਸ ਦੀ ਹਰੇਕ ਸ਼ੰਕਾ ਦਾ 'ਗੂਗਲ ਬਾਬੇ' ਕੋਲ ਹੱਲ ਹੈ। ਜੇਕਰ ਏਨੀਆਂ ਸੁਵਿਧਾਵਾਂ ਦੇ ਬਾਵਜੂਦ ਏਜੰਟਾਂ ਕੋਲ ਹਜ਼ਾਰਾਂ ਰੁਪਏ ਪੱਟਣੇ ਹਨ ਤਾਂ ਮਰਜ਼ੀ ਹੈ!

ਇਕ ਗੱਲ ਹੋਰ, ਬਹੁਤ ਸਾਰੇ ਮੁਲਕਾਂ ਦਾ ਟੂਰਿਸਟ ਵੀਜ਼ਾ ਆਨਲਾਈਨ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। ਮਤਲਬ ਕਿ ਆਨਲਾਈਨ ਹੀ ਦਰਖਾਸਤ ਫਾਰਮ ਭਰ ਕੇ ਅਤੇ ਮੰਗੀ ਗਈ ਜਾਣਕਾਰੀ ਮੁਹੱਈਆ ਕਰਵਾ ਕੇ ਵੀਜ਼ਾ ਤੁਹਾਡੀ ਈਮੇਲ 'ਤੇ ਆ ਜਾਂਦਾ ਹੈ। ਉਸ ਦਾ ਪ੍ਰਿੰਟ ਲੈ ਕੇ ਸਬੰਧਤ ਦੇਸ਼ ਜਾਇਆ ਜਾ ਸਕਦਾ ਹੈ। ਅਸੀਂ ਮਲੇਸ਼ੀਆ ਦਾ ਵੀਜ਼ਾ ਇੰਝ ਹੀ ਲਿਆ ਸੀ। ਦਰਅਸਲ ਵੀਜ਼ਾ ਰਿਜੈਕਟ ਜਾਂ ਰੱਦ ਉਨ੍ਹਾਂ ਹਾਲਤਾਂ ਵਿਚ ਹੀ ਹੁੰਦਾ ਹੈ ਜਦੋਂ ਦਰਖਾਸਤਕਰਤਾ ਦੇ ਜਾਣ ਦੇ ਮਕਸਦ, ਉਸ ਦੀ ਵਿੱਤੀ ਹਾਲਤ, ਉਸ ਦੇ ਦਸਤਾਵੇਜ਼ਾਂ ਵਿਚ ਕੋਈ ਗੜਬੜੀ ਜਾਂ ਉਸਦੀ ਸਖਸ਼ੀਅਤ ਬਾਰੇ ਵੀਜ਼ਾ ਅਫਸਰ ਨੂੰ ਕਿਸੇ ਪ੍ਰਕਾਰ ਦਾ ਸ਼ੱਕ ਹੋਵੇ। ਨਹੀਂ ਤਾਂ ਸੈਰ-ਸਪਾਟਾ ਅੱਜ ਦੇ ਸਮੇਂ ਵਿਚ ਦੇਸ਼ਾਂ ਦੀ ਆਮਦਨ ਦਾ ਇੱਕ ਵੱਡਾ ਸਾਧਨ ਹੈ। ਕਿਹੜਾ ਦੇਸ਼ ਨਹੀਂ ਚਾਹੁੰਦਾ ਕਿ ਹੋਰਨਾਂ ਮੁਲਕਾਂ ਦੇ ਲੋਕ ਸੈਲਾਨੀ ਵੱਜੋਂ ਨਾ ਆਉਣ? ਇਕ ਸੈਲਾਨੀ ਕਿਸੇ ਦੇਸ਼ ਦੀ ਯਾਤਰਾ ਸਮੇਂ ਹਵਾਈ ਟਿਕਟ ਤੋਂ ਲੈ ਕੇ ਹੋਟਲਾਂ ਦੀ ਬੁਕਿੰਗ, ਸ਼ਾਪਿੰਗ ਅਤੇ ਸਥਾਨਕ ਲੋਕਾਂ ਦੇ ਰੁਜ਼ਗਾਰ ਦਾ ਵੱਡਾ ਜ਼ਰੀਆ ਬਣਦਾ ਹੈ। ਕੈਨੇਡਾ, ਆਸਟ੍ਰੇਲੀਆ, ਯੂਰਪ, ਥਾਈਲੈਂਡ, ਦੁਬਈ ਅਤੇ ਹੋਰਨਾਂ ਦੇਸ਼ਾਂ ਨੂੰ ਜਹਾਜ਼ਾਂ ਦੇ ਜਹਾਜ਼ ਤਾਂ ਹੀ ਭਰੇ ਜਾਣਗੇ ਜੇਕਰ ਇਹ ਮੁਲਕ ਦੂਜੇ ਦੇਸ਼ਾਂ ਦੇ ਬਾਸ਼ਿੰਦਿਆਂ ਨੂੰ ਵੀਜ਼ਾ ਦੇਣਗੇ। ਇਸ ਲਈ ਵੀਜ਼ੇ ਨੂੰ ਕੋਈ ਹਊਆ ਨਾ ਸਮਝਿਆ ਜਾਵੇ ਬਲਕਿ ਦੂਜੇ ਦੇਸ਼ਾਂ ਲਈ ਤਾਂ ਇਹ ਆਮਦਨ ਦਾ ਵੱਡਾ ਸ੍ਰੋਤ ਹੁੰਦਾ ਹੈ।

-------------

97802-16767

# ਮੰਨਾ, ਮਾਇਆ ਤੇ ਮਨੌਤ

-ਰਸ਼ਪਿੰਦਰ ਪਾਲ ਕੌਰ

ਬਾਲਾਂ ਦੇ ਸੁਪਨਿਆਂ ਅਤੇ ਖੁਸ਼ੀਆਂ ਬਾਰੇ ਸੋਚਦਿਆਂ ਗੁਆਂਢਣ ਅਧਿਆਪਕਾ ਦੇ ਸਕੂਲ ਦੀ ਘਟਨਾ ਚੇਤੇ ਵਿੱਚ ਉਭਰਦੀ ਹੈ, ਕੁਝ ਦਿਨਾਂ ਦੀ ਗੱਲ ਹੈ, ਸਾਡੇ ਸਕੂਲ ਅਜਿਹੀ ਘਟਨਾ ਵਾਪਰ ਗਈ, ਜਿਸ ਨੇ ਸਕੂਲ ਦੇ ਮਾਹੌਲ ਵਿੱਚ ਡਰ ਤੇ ਸਹਿਮ ਸਿਰਜ ਦਿੱਤਾ। ਅੱਧੀ ਛੁੱਟੀ ਵੇਲੇ ਛੇਵੀਂ ਕਲਾਸ ਦਾ ਇਕ ਵਿਦਿਆਰਥੀ ਅਚਾਨਕ ਬੇਹੋਸ਼ ਹੋ ਕੇ ਡਿੱਗ ਪਿਆ। ਅਧਿਆਪਕਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਜਲਦੀ ਨਾਲ ਉਸ ਨੂੰ ਚੁੱਕਿਆ ਤੇ ਮੁੱਢਲੀ ਸਹਾਇਤਾ ਦਿੱਤੀ। ਹੋਸ਼ 'ਚ ਆ ਕੇ ਉਹ ਰੋਣ ਲੱਗਾ। ਉਸ ਦੇ ਮਾਪਿਆਂ ਨੂੰ ਬੁਲਾ, ਮੁੱਖ ਅਧਿਆਪਕਾ ਨੇ ਉਸ ਨੂੰ ਘਰ ਭੇਜ ਦਿੱਤਾ। ਨਾਲ ਉਸ ਨੂੰ ਡਾਕਟਰ ਨੂੰ ਦਿਖਾਉਣ ਦੀ ਤਾਕੀਦ ਕੀਤੀ।ਇਹ ਕਲਾਸ ਦਾ ਹੁਸ਼ਿਆਰ ਵਿਦਿਆਰਥੀ ਮਨਜੀਤ ਸੀ। ਸਾਰੇ ਉਸ ਨੂੰ ਪਿਆਰ ਨਾਲ ਮੰਨਾ ਬੁਲਾਉਂਦੇ। ਸਾਰੇ ਅਧਿਆਪਕਾਂ ਦਾ ਚਹੇਤਾ ਸੀ। ਕਲਾਸ ਤੇ ਸਕੂਲ ਦੇ ਕੰਮਾਂ ਨੂੰ ਖੁਸ਼ੀ ਨਾਲ ਭੱਜ-ਭੱਜ ਕਰਦਾ। ਪੜ੍ਹਾਈ ਵਿੱਚ ਕਮਜ਼ੋਰ ਬੱਚਿਆਂ ਦੀ ਮਦਦ ਵੀ ਕਰਦਾ। ਪੜ੍ਹਾਈ ਵੇਲੇ ਹਰ ਵਿਸ਼ੇ ਵਿੱਚ ਮੋਹਰੀ ਰਹਿੰਦਾ।

ਉਸ ਦਾ ਅਚਾਨਕ ਬੇਹੋਸ਼ ਹੋ ਜਾਣਾ ਦੁਖਦਾਈ ਸੀ। ਉਨ੍ਹਾਂ ਦੇ ਘਰੋਂ ਉਸ ਦਾ ਹਾਲ ਚਾਲ ਪਤਾ ਕੀਤਾ ਤਾਂ ਮਨ ਹੋਰ ਦੁਖੀ ਹੋਇਆ। ਕਹਿੰਦੇ, ਮੰਨੇ ਨੂੰ ਕੋਈ ਡਾਕਟਰੀ ਰੋਗ ਨਹੀਂ ਹੈ, ਸਗੋਂ 'ਮਾਇਆ' ਦਾ ਚੱਕਰ ਹੈ। ਸਟਾਫ ਵਿੱਚ ਚਰਚਾ ਚੱਲ ਪਈ। ਬਹੁਗਿਣਤੀ ਅਧਿਆਪਕ ਵੀ ਮੰਨੇ ਦੇ ਅਨਪੜ੍ਹ ਮਾਪਿਆਂ ਵਾਂਗ ਸੋਚਣ ਲੱਗੇ, ਅਖੇ, ਉਸ ਉਤੇ ਓਪਰੀ ਕਸਰ ਦਾ 'ਸਾਇਆ' ਹੈ। ਕਈ ਦਿਨਾਂ ਤੋਂ ਮੰਨਾ ਚੁੱਪ ਰਹਿੰਦਾ ਸੀ। ਘਰੇ ਵੀ ਬਹੁਤੀ ਗੱਲ ਨਹੀਂ ਸੀ ਕਰਦਾ। ਕੁਝ ਪੁੱਛਣ 'ਤੇ ਰੋਣ ਲੱਗ ਪੈਂਦਾ ਸੀ। ਕਹਿੰਦੇ, ਇਹੋ ਲੱਛਣ ਮਾਇਆ ਦੇ 'ਕਹਿਰ' ਵੱਲ ਇਸ਼ਾਰਾ ਕਰਦੇ ਸਨ।

ਮੰਨਾ ਦੋ ਹਫਤੇ ਸਕੂਲ ਨਾ ਆਇਆ। ਇਕ ਦਿਨ ਅਸੀਂ ਘਰੇ ਮੰਨੇ ਦਾ ਪਤਾ ਲੈਣ ਗਏ। ਉਹ ਘਰੇ ਇਕੱਲਾ ਮੰਜੇ 'ਤੇ ਪਿਆ ਸੀ। ਮਾਂ ਮਿਹਨਤ ਮਜ਼ਦੂਰੀ ਕਰਨ ਗਈ ਸੀ। ਉਹ ਸਾਡੇ ਨਾਲ ਬਹੁਤਾ ਨਹੀਂ ਬੋਲਿਆ। ਸਾਡੇ ਤੁਰਨ ਲੱਗਿਆਂ, ਉਸ ਦੀ ਮਾਂ ਕੰਮ ਤੋਂ ਪਰਤ ਆਈ। ਕਹਿਣ ਲੱਗੀ, 'ਪਤਾ ਨਹੀਂ ਕਿਹੜੇ ਚੰਦਰੇ ਨੇ ਨਜ਼ਰ ਲਾ'ਤੀ ਮੇਰੇ ਹੀਰੇ ਪੁੱਤ ਨੂੰ।' ਸਾਨੂੰ ਮੰਨੇ ਦੀ ਮਾਂ ਤੋਂ ਪਤਾ ਲੱਗਾ ਕਿ ਮਾਇਆ ਉਨ੍ਹਾਂ ਦੀ ਪਿਛਲੀ ਗਲੀ ਵਿੱਚ ਰਹਿਣ ਵਾਲੀ ਨੌਜਵਾਨ ਔਰਤ ਸੀ, ਜਿਸ ਨੇ ਕੁਝ ਮਹੀਨੇ ਪਹਿਲਾਂ ਘਰੇਲੂ ਕਾਰਨਾਂ ਕਰਕੇ ਆਤਮ ਹੱਤਿਆ ਕਰ ਲਈ ਸੀ। ਮੰਨੇ ਦੀ ਮਾਂ ਭਰੇ ਮਨ ਨਾਲ ਦੱਸਦੀ ਰਹੀ, 'ਸਾਥੋਂ ਜੋ ਸਰਿਆ, ਇਹਦਾ ਇਲਾਜ ਕਰਾਇਆ। ਸਿਆਣੇ ਕਹਿੰਦੇ, ਮਾਇਆ ਦੀ 'ਮਨੌਤ' ਕਰਨੀ ਪਊ, ਅਸੀਂ ਉਹ ਵੀ ਸ਼ੁਰੂ ਕਰ ਦਿੱਤੀ। ਸਾਏ ਤੋਂ ਬਚਣ ਲਈ ਸੁੱਖਾਂ, ਸੀਰਨੀਆਂ ਵੀ ਦਿੱਤੀਆਂ, ਪਰ ਇਹ ਤਾਂ ਮੰਜੇ ਤੋਂ ਨਹੀਂ ਉਠਦਾ।'

ਮੰਨੇ ਦੀ ਸਾਰੀ ਗਾਥਾ ਜਾਣ ਸਾਡਾ ਵੀ ਮਨ ਭਰ ਆਇਆ। ਅਸੀਂ ਉਸ ਨੂੰ ਹੌਸਲਾ ਦੇ ਕੇ ਸਕੂਲ ਪਰਤ ਆਈਆਂ। ਘਰ ਆ ਕੇ ਦੇਰ ਰਾਤ ਤੱਕ ਸੋਚਦੀ ਰਹੀ। ਘਰ ਦੀ ਲਾਇਬ੍ਰੇਰੀ ਵਿੱਚ ਪਈਆਂ ਪੁਸਤਕਾਂ ਨੇ ਮੈਨੂੰ ਰਾਹ ਦਿਖਾਇਆ। ਮੈਨੂੰ ਸਮਝ ਆਇਆ ਕਿ ਜ਼ਰੂਰ ਕੋਈ ਅਜਿਹੀ ਗੱਲ ਸੀ ਜਿਹੜੀ ਮੰਨਾ ਦਿਲ ਉਤੇ ਲਾ ਬੈਠਾ ਸੀ। ਸਕੂਲ ਜਾ ਕੇ ਆਪਣੀ ਮੁੱਖ ਅਧਿਆਪਕਾ ਨਾਲ ਮਸ਼ਵਰਾ ਕੀਤਾ ਤੇ ਮੰਨੇ ਤੇ ਉਸ ਦੀ ਮਾਂ ਨੂੰ ਸਕੂਲ ਬੁਲਾ ਲਿਆ। ਵੱਖਰੇ ਕਮਰੇ ਵਿੱਚ ਬਿਠਾ ਕੇ ਮੰਨੇ ਨੂੰ ਪਿਆਰ ਨਾਲ ਪੁੱਛਿਆ ਤਾਂ ਉਹ ਰੋਣ ਲੱਗਾ। ਯਤਨਾਂ ਨਾਲ ਚੁੱਪ ਕਰਾ ਕੇ ਮੈਂ ਉਸ ਨੂੰ ਆਪਣੇ ਕੋਲ ਬਿਠਾਇਆ ਤੇ ਕਿਹਾ, 'ਪੁੱਤਰ, ਮੈਨੂੰ ਸਾਰੀ ਗੱਲ ਪਤਾ ਲੱਗ ਗਈ ਹੈ, ਤੂੰ ਫਿਕਰ ਨਾ ਕਰ, ਅਸੀਂ ਸਾਰੇ ਤੇਰੇ ਨਾਲ ਹਾਂ। ਫਿਰ ਵੀ ਤੂੰ ਆਪਣੇ ਦਿਲ ਦੀ ਗੱਲ ਆਪ ਦੱਸ।'

ਸ਼ਾਇਦ ਮੰਨੇ ਨੇ ਮੇਰੇ ਵਿੱਚ ਇਕ ਮਾਂ ਦੇ ਮਨ ਦੀ ਰਮਜ਼ ਜਾਣ ਲਈ ਸੀ। ਉਹ ਨੀਵੀਂ ਪਾਈ ਕਹਿਣ ਲੱਗਾ, 'ਮੈਡਮ ਜੀ, ਸਕੂਲੋਂ ਮਿਲੀ ਨਵੀਂ ਵਰਦੀ ਦੇਖ ਕੇ ਸਾਰੇ ਮੈਨੂੰ ਛੇੜਦੇ ਆ। ਪੈਂਟ ਉਚੀ ਤੇ ਸ਼ਰਟ ਮੇਰੇ ਮੇਚ ਦੀ ਨਹੀਂ। ਮੈਂ ਘਰ ਜਾ ਕੇ ਬੀਬੀ ਨੂੰ ਦੱਸਿਆ ਤਾਂ ਕਹਿੰਦੀ ਤੇਰੇ ਪਾਪਾ ਕੰਬਾਈਨ ਨਾਲ ਬਾਹਰ ਕੰਮ 'ਤੇ ਗਿਆ, ਉਹਦੇ ਆਉਣ ਤੱਕ ਤੈਨੂੰ ਇਸੇ ਨਾਲ ਸਾਰਨਾ ਪਊ।' ਮਾਇਆ ਵਾਲੀ ਗੱਲ ਪੁੱਛਣ 'ਤੇ ਮੰਨਾ ਕਹਿਣ ਲੱਗਾ, 'ਉਹਦਾ ਮੈਨੂੰ ਕੁਸ਼ ਨਹੀਂ ਪਤਾ ਮੈਡਮ ਜੀ।'

'ਕੋਈ ਨਾ ਪੁੱਤਰ, ਕੱਲ੍ਹ ਤੋਂ ਤੈਨੂੰ ਕਲਾਸ ਵਿੱਚ ਕੋਈ ਕੁਝ ਨਹੀਂ ਕਹੇਗਾ। ਤੈਨੂੰ ਨਵੀਂ ਵਰਦੀ ਲਿਆ ਦਿਆਂਗੇ। ਕੱਲ੍ਹ ਤੋਂ ਸਕੂਲ ਆਇਆ ਕਰ। ਤੂੰ ਬਿਲਕੁਲ ਠੀਕ ਏ।' ਅਸੀਂ ਮੰਨੇ ਦੀ ਮਾਂ ਨੂੰ ਵੀ ਸਾਰੀ ਗੱਲ ਸਮਝਾ ਦਿੱਤੀ। ਅਗਲੇ ਹਫਤੇ ਮੰਨਾ ਨਵੀਂ ਵਰਦੀ ਵਿੱਚ ਮੁੜ ਕਲਾਸ ਦੀ ਰੌਣਕ ਬਣ ਗਿਆ। ਮੰਨੇ ਦੀ ਪਰਤੀ ਖੁਸ਼ੀ ਨਾਲ 'ਮਾਇਆ' ਦੀ 'ਮਨੌਤ' ਵੀ ਉਡ ਪੁੱਡ ਗਈ ਸੀ।


## ਜਰੂਰੀ ਬੇਨਤੀ

### ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

### ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ

ਗੁਰੂ ਪਿਆਰੀ ਸਾਧ ਸੰਗਤ ਜੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 24 ਮਈ ਦਿਨ ਸ਼ੁੱਕਰਵਾਰ ਨੂੰ ਅਖੰਡਪਾਠ ਸਾਹਿਬ ਸਵੇਰੇ 10 ਵਜ੍ਹੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 26 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

- ਨਵਦੀਪ ਸਿੰਘ ਸੂਚ : 416-881- 8736
- ਧਰਮਿੰਦਰ ਸਿੰਘ ਸੂਸਾਂ : 416-879-6824
- ਪਰਮਜੀਤ ਸਿੰਘ ਸੂਚ : 416-873-7508
- ਸਰਬਜੀਤ ਸਿੰਘ ਸੂਚ : 416-357-7667
- ਗੁਰਮੇਲ ਸਿੰਘ ਸੂਚ : 905-814-0756





# ਪੰਜਾਬ ਕਾਂਗਰਸ ਵਿੱਚ ਵੋਟਿੰਗ ਵਾਲੇ ਦਿਨ ਗੁੱਟਬੰਦੀ ਨਾਲ ਰਾਜਸੀ ਭੂਚਾਲ ਆਇਆ

## ਮੁੱਖ ਮੰਤਰੀ ਨੇ ਕਿਹਾ: ਸਿੱਧੂ ਮੱਖ ਮੰਤਰੀ ਬਣਨਾ ਚਾਹੁੰਦੈ



ਪਟਿਆਲਾ, 20 ਮਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਵਿਚਾਲੇ ਖਹਿਬਾਜ਼ੀ ਰੁਕਣ ਵੱਲ ਨਹੀਂ ਆ ਰਹੀ ਅਤੇ ਪਾਰਲੀਮੈਂਟ ਚੋਣਾਂ ਦੀ ਵੋਟਿੰਗ ਮੌਕੇ ਅਚਾਨਕ ਇਸ ਹੱਦ ਤੱਕ ਵਧ ਗਈ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਬਿਆਨ ਤੋਂ ਬਾਅਦ ਪੰਜਾਬ ਦੇ ਮੰਤਰੀਆਂ ਨੇ ਵੀ ਸਿੱਧੂ ਦੇ ਖਿਲਾਫ ਮੋਰਚਾ ਖੋਲ੍ਹ ਦਿੱਤਾ ਜਾਪਦਾ ਹੈ। ਇਹ ਭੁਚਾਲ ਸਿੱਧੂ ਦੇ ਲੰਬੀ ਰੈਲੀ ਦੇ ਭਾਸ਼ਣ ਨਾਲ ਆਇਆ ਹੈ।

ਅਸਲ ਵਿੱਚ ਨਵਜੋਤ ਸਿੰਘ ਸਿੱਧੂ ਨੂੰ ਆਪਣੀ ਪਤਨੀ ਟਿਕਟ ਨਾ ਦੇਣ ਉੱਤੇ ਨਾਰਾਜ਼ਗੀ ਸੀ, ਜਿਹੜੀ ਉਹ ਹਰ ਥਾਂ ਲਗਾਤਾਰ ਜਤਾਈ ਜਾਂਦੇ ਸਨ। ਚੋਣ ਪ੍ਰਚਾਰ ਬੰਦ ਹੋਣ ਵਾਲੇ ਦਿਨ ਉਨ੍ਹਾਂ ਨੇ ਇਸ ਦਾ ਪ੍ਰਗਟਾਵਾ ਬਠਿੰਡੇ ਲੋਕ ਸਭਾ ਦੇ ਲੰਬੀ ਖੇਤਰ ਦੀ ਚੋਣ ਰੈਲੀ ਵਿੱਚ ਖੁੱਲ੍ਹੇ ਭਾਸ਼ਣ ਵੇਲੇ ਕਰ ਦਿੱਤਾ ਸੀ। ਇਸ ਬਾਰੇ ਪੁੱਛੇ ਜਾਣ ਉੱਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਏਥੇ ਕਿਹਾ ਕਿ ਨਵਜੋਤ ਸਿੰਘ ਦਾ ਵੋਟਾਂ ਤੋਂ ਐਨ ਪਹਿਲਾਂ ਇਹ ਸ਼ਿਕਾਇਤ ਕਰਨਾ ਗਲਤ ਸੀ, ਸਿੱਧੂ ਦੀ ਟਾਈਮਿੰਗ ਗਲਤ ਹੈ। ਉਨ੍ਹਾ ਕਿਹਾ ਕਿ ਸਿੱਧੂ ਦੀ ਇਸ ਬਿਆਨਬਾਜ਼ੀ ਨੇ ਨੁਕਸਾਨ ਕੀਤਾ ਹੈ ਤੇ ਇਸ ਦਾ ਹਾਈ ਕਮਾਂਡ ਨੇ ਨੋਟਿਸ ਲਿਆ ਹੈ, ਚੋਣਾਂ ਪਿੱਛੋਂ ਹਾਈ ਕਮਾਂਡ ਇਸ ਬਾਰੇ ਲੋੜ ਅਨੁਸਾਰ ਕਾਰਵਾਈ ਕਰ ਸਕਦੀ ਹੈ। ਉਨ੍ਹਾ ਨੇ ਕਿਹਾ ਕਿ ਉਹ ਨਵਜੋਤ ਸਿੰਘ ਸਿੱਧੂ ਨੂੰ ਬਚਪਨ ਤੋਂ ਜਾਣਦੇ ਹਨ ਤੇ ਉਸ ਨਾਲ ਕੋਈ ਮਤਭੇਦ ਨਹੀਂ, ਸ਼ਾਇਦ ਉਹ ਹੱਦ ਤੋਂ ਬਾਹਲਾ ਉਤਸ਼ਾਹੀ ਹੈ ਅਤੇ ਮੁੱਖ ਮੰਤਰੀ ਬਣਨਾ ਚਾਹੁੰਦਾ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਇਸ ਜਵਾਬੀ ਹਮਲੇ ਤੋਂ ਪਿੱਛੋਂ ਡਾ: ਨਵਜੋਤ ਕੌਰ ਸਿੱਧੂ ਆਪਣੇ ਪਤੀ ਨਵਜੋਤ ਸਿੰਘ ਸਿੱਧੂ ਦੇ ਬਚਾਅ ਉੱਤੇ ਆ ਗਈ ਅਤੇ ਕਿਹਾ ਕਿ ਨਵਜੋਤ ਸਿੱਧੂ ਮੁੱਖ ਮੰਤਰੀ ਬਣਨ ਨਹੀਂ, ਲੋਕਾਂ ਦੀ ਸੇਵਾ ਕਰਨ ਆਏ ਹਨ। ਬੀਬੀ ਸਿੱਧੂ ਨੇ ਕਿਹਾ ਕਿ ਨਵਜੋਤ ਸਿੱਧੂ ਨੂੰ ਅਹੁਦਿਆਂ ਦਾ ਲਾਲਚ ਨਹੀਂ ਤੇ ਨਾ ਅਹੁਦਿਆਂ ਦੇ ਲਾਲਚ ਵਿੱਚ ਕਾਂਗਰਸ ਵਿਚ ਆਏ ਹਨ। ਇਸ ਮੌਕੇ ਬੀਬੀ ਸਿੱਧੂ ਨੇ ਇਹ ਵੀ ਕਿਹਾ ਕਿ ਜੇ ਕਾਂਗਰਸ ਨੂੰ ਪੰਜਾਬ ਵਿਚ ਲੋਕ ਸਭਾ ਚੋਣਾਂ ਵਿੱਚ ਹਾਰ ਹੁੰਦੀ ਹੈ ਤਾਂ ਇਸ ਬਾਰੇ ਮੁੱਖ ਮੰਤਰੀ ਦੀ ਜਵਾਬਦੇਹੀ ਹੋਣੀ ਚਾਹੀਦੀ ਹੈ।

ਦੂਸਰੇ ਪਾਸੇ ਕੁਝ ਮੰਤਰੀਆਂ ਨੇ ਨਵਜੋਤ ਸਿੰਘ ਸਿੱਧੂ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬ੍ਰਹਮ ਮਹਿੰਦਰਾ ਨੇ ਨਵਜੋਤ ਸਿੰਘ ਸਿੱਧੂ ਵੱਲੋਂ ਬਿਨਾਂ ਵਜ੍ਹਾ ਮੁੱਖ ਮੰਤਰੀ ਤੇ ਸਰਕਾਰ ਦੇ ਵਿਰੁੱਧ ਬਿਆਨ ਦਾਗਣ ਦੀ ਨਿੰਦਾ ਕੀਤੀ ਅਤੇ ਇਸ ਨੂੰ ਪਿੱਠ ਵਿੱਚ ਛੁਰਾ ਮਾਰਨ ਦੀ ਕਾਰਵਾਈ ਕਿਹਾ ਹੈ। ਉਨ੍ਹਾ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਨਵਜੋਤ ਸਿੱਧੂ ਸਿਰਫ ਦੋ ਸਾਲਾਂ ਤੋਂ ਕਾਂਗਰਸ ਵਿੱਚ ਹਨ ਤੇ ਆਪਣੇ ਨਿਯਮ ਝਾੜਦੇ ਅਤੇ ਆਪਣਾ ਏਜੰਡਾ ਹੋਰ ਲੋਕਾਂ ਉੱਤੇ ਲਾਗੂ ਕਰ ਰਹੇ ਹਨ, ਜਿਸ ਦਾ ਹਾਈ ਕਮਾਂਡ ਨੂੰ ਸਖ਼ਤ ਨੋਟਿਸ ਲੈਣਾ ਚਾਹੀਦਾ ਹੈ, ਕਿਉਂਕਿ ਸਿੱਧੂ ਪਾਰਟੀ ਤੇ ਸਰਕਾਰ ਦੇ ਅਕਸ ਦਾ ਵਿਗਾੜ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਧੂ ਨੂੰ ਸਮਝਣਾ ਚਾਹੀਦਾ ਹੈ ਕਿ ਉਹ ਭਾਜਪਾ ਵਿੱਚ ਨਹੀਂ, ਅੱਜ ਕੱਲ੍ਹ ਕਾਂਗਰਸ ਵਿੱਚ ਹਨ, ਜਿੱਥੇ ਬਹੁਤ ਸਾਰੇ ਮੰਚ ਹਨ ਅਤੇ ਜੇ ਉਨ੍ਹਾਂ ਦੀ ਸੋਚ ਸਹੀ ਹੈ ਤਾਂ ਪਾਰਟੀ ਦੀ ਪਿੱਠ ਵਿੱਚ ਛੁਰਾ ਮਾਰੇ ਬਿਨਾਂ ਉਹ ਆਪਣੇ ਮੁੱਦੇ ਪਾਰਟੀ ਦੇ ਉਨ੍ਹਾਂ ਮੰਚਾਂ ਉੱਤੇ ਰੱਖ ਸਕਦੇ ਹਨ। ਮਹਿੰਦਰਾ ਨੇ ਕਿਹਾ ਕਿ ਮੁੱਖ ਮੰਤਰੀ ਅਤੇ ਮੰਤਰੀ ਦੋਵੇਂ ਪਾਰਟੀ ਹਾਈ ਕਮਾਂਡ ਵੱਲੋਂ ਤੈਅ ਕੀਤੇ ਜਾਂਦੇ ਹਨ ਅਤੇ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ, ਇਕੱਲੇ ਮੁੱਖ ਮੰਤਰੀ ਦੀ ਨਹੀਂ। ਉਨ੍ਹਾਂ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਨਵਜੋਤ ਸਿੱਧੂ ਚੋਣਾਂ ਤੋਂ ਸਿਰਫ ਦੋ ਦਿਨ ਪਹਿਲਾਂ ਇੰਨੇ ਅਹਿਮ ਮੁੱਦੇ ਉੱਤੇ ਬੋਲੇ, ਜਿਸ ਦਾ ਉਦੇਸ਼ ਸਾਫ ਤੌਰ ਉੱਤੇ ਪਾਰਟੀ ਦੀਆਂ ਆਸਾਂ ਉੱਤੇ ਪਾਣੀ ਫੇਰਨਾ ਹੈ।

ਏਸੇ ਤਰ੍ਹਾਂ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਨਵਜੋਤ ਸਿੰਘ ਸਿੱਧੂ ਬਾਰੇ ਕਿਹਾ ਕਿ ਉਹ ਕਾਂ-ਗਰਸ ਦੇ ਹੀ ਖਿਲਾਫ ਬਿਆਨਬਾਜ਼ੀ ਕਰਦੇ ਤੇ ਬਾਦਲਾਂ ਦਾ ਫਾਇਦਾ ਕਰਦੇ ਹਨ। ਨਵਜੋਤ ਸਿੱਧੂ ਵੱਲੋਂ ਚੋਣਾਂ ਵਿੱਚ 'ਫਰੈਂਡਲੀ ਮੈਚ' ਦੀ ਗੱਲ ਕਹਿਣ ਨੂੰ ਕਾਂਗਰਸ ਦੀ ਪਿੱਠ ਵਿੱਚ ਛੁਰਾ ਮਾਰਨ ਦੀ ਹਰਕਤ ਦੱਸਦੇ ਹੋਏ ਰੰਧਾਵਾ ਨੇ ਕਿਹਾ ਕਿ ਸਿੱਧੂ ਨੂੰ ਕਿਸੇ ਪਾਰਟੀ ਵਿੱਚ ਬਹੁਤੀ ਦੇਰ ਟਿਕਣ ਦੀ ਆਦਤ ਨਹੀਂ। ਉਨ੍ਹਾ ਨੇ ਕਿਹਾ ਕਿ ਜਦੋਂ ਬੇਅਦਬੀ ਹੋਈ, ਓਦੋਂ ਸ਼ਾਇਦ ਨਵਜੋਤ ਸਿੰਘ ਸਿੱਧੂ ਪਾਰਲੀਮੈਂਟ ਮੈਂਬਰ ਤੇ ਸਿੱਧੂ ਦੀ ਪਤਨੀ ਵਿਧਾਇਕ ਸੀ, ਪਰ ਨਵਜੋਤ ਕੌਰ ਸਿੱਧੂ ਨੇ ਕਦੇ ਵਿਧਾਨ ਸਭਾ ਵਿਚ ਬੇਅਦਬੀ ਦਾ ਮੁੱਦਾ ਨਹੀਂ ਚੁੱਕਿਆ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਓਦੋਂ ਵੀ ਬੇਅਦਬੀ ਦਾ ਵਿਰੋਧ ਕਰ ਕੇ ਬਰਗਾੜੀ ਵਿਚ ਧਰਨਾ ਦਿੱਤਾ ਸੀ, ਪਰ ਸਿੱਧੂ ਨੇ ਸਾਡਾ ਸਾਥ ਨਹੀਂ ਸੀ ਦਿੱਤਾ। ਉਨ੍ਹਾ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਰਾਜ ਸਭਾ ਛੱਡਣ ਦੀ ਗੱਲ ਆਖਦੇ ਹਨ, ਪਰ ਉਨ੍ਹਾਂ ਬੇਅਦਬੀ ਕਾਰਨ ਭਾਜਪਾ ਤੇ ਰਾਜ ਸਭਾ ਨਹੀਂ ਛੱਡੀ, ਨਿੱਜੀ ਕਾਰਨਾਂ ਕਰ ਕੇ ਛੱਡੀ ਸੀ। ਰੰਧਾਵਾ ਨੇ ਕਿਹਾ ਕਿ ਪੰਜਾਬ ਦੇ ਲੋਕ ਕੈਪਟਨ ਅਮਰਿੰਦਰ ਸਿੰਘ ਨੂੰ ਹੀ ਮੁੱਖ ਮੰਤਰੀ ਦੇਖਣਾ ਚਾਹੁੰਦੇ ਹਨ, ਨਵਜੋਤ ਸਿੱਧੂ ਨੂੰ ਨਹੀਂ। ਉਨ੍ਹਾ ਕਿਹਾ ਕਿ ਜਿਵੇਂ ਪ੍ਰਤਾਪ ਸਿੰਘ ਬਾਜਵਾ, ਸ਼ਮਸ਼ੇਰ ਸਿੰਘ ਦੂਲੋ ਅਤੇ ਨਵਜੋਤ ਸਿੱਧੂ ਵਲੋਂ ਕਾਂਗਰਸ ਖਿਲਾਫ ਬਿਆਨਬਾਜ਼ੀ ਹੁੰਦੀ ਹੈ, ਇਸ ਲਈ ਪਾਰਟੀ ਹਾਈ ਕਮਾਨ ਨੂੰ ਇਨ੍ਹਾਂ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ ਤੇ ਉਹ ਛੇਤੀ ਹੀ ਰਾਹੁਲ ਗਾਂਧੀ ਨਾਲ ਮੁਲਾਕਾਤ ਕਰਕੇ ਨਵਜੋਤ ਸਿੰਘ ਸਿੱਧੂ ਦੇ ਖਿਲਾਫ ਕਾਰਵਾਈ ਕਰਨ ਦੀ ਮੰਗ ਕਰਨਗੇ।

# ਸੁਖਬੀਰ ਸਿੰਘ ਬਾਦਲ ਦੀ ਧੀ ਨੂੰ ਪਾਰਟੀ ਬੈਜ ਲਾ ਕੇ ਵੋਟ ਪਾਉਣ ਦੇ ਖਿਲਾਫ ਨੋਟਿਸ ਜਾਰੀ



ਚੰਡੀਗੜ੍ਹ, 20 ਮਈ (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਤੇ ਫਿਰੋਜ਼ਪੁਰ ਤੋਂ ਲੋਕ ਸਭਾ ਦੇ ਉਮੀਦਵਾਰ ਸੁਖਬੀਰ ਸਿੰਘ ਬਾਦਲ ਦੀ ਬੇਟੀ ਗੁਰਲੀਨ ਬਾਦਲ ਨੂੰ ਕੱਲ੍ਹ ਪਾਰਟੀ ਬੈਜ ਲਾ ਕੇ ਵੋਟ ਪਾਉਣੀ ਮਹਿੰਗੀ ਪੈ ਗਈ। ਕਿਸੇ ਵੀ ਪਾਰਟੀ ਦਾ ਬੈਜ ਲਾ ਕੇ ਵੋਟਿੰਗ ਕੇਂਦਰ ਵਿੱਚ ਜਾ ਕੇ ਵੋਟ ਪਾਉਣਾ ਚੋਣ ਜ਼ਾਬਤੇ ਦੀ ਉਲੰਘਣਾ ਹੈ।

ਵਰਨਣ ਯੋਗ ਹੈ ਕਿ ਗੁਰਲੀਨ ਬਾਦਲ ਪਹਿਲੀ ਵਾਰ ਆਪਣੇ ਪਰਵਾਰ ਸਮੇਤ ਕੱਲ੍ਹ ਵੋਟ ਪਾਉਣ ਗਈ ਅਤੇ ਉਸ ਸਮੇਂ ਉਸ ਦੇ ਅਕਾਲੀ ਦਲ ਦਾ ਬੈਜ ਲੱਗਾ ਹੋਇਆ ਸੀ। ਵੋਟ ਪਾਉਣ ਸਮੇਂ ਉਸ ਨਾਲ ਪਿਤਾ ਸੁਖਬੀਰ ਸਿੰਘ ਬਾਦਲ ਅਤੇ ਮਾਤਾ ਹਰਸਿਮਰਤ ਕੌਰ ਬਾਦਲ ਦੇ ਇਲਾਵਾ ਦਾਦਾ ਪ੍ਰਕਾਸ਼ ਸਿੰਘ ਬਾਦਲ ਤੇ ਹੋਰ ਪਰਵਾਰਕ ਮੈਂਬਰ ਵੀ ਸਨ। ਵੱਡੇ ਆਗੂ ਦੀ ਧੀ ਹੋਣ ਕਾਰਨ ਚੋਣ ਅਮਲੇ ਨੇ ਗੁਰਲੀਨ ਬਾਦਲ ਦੇ ਬੈਜ ਲੱਗਾ ਨਹੀਂ ਦੇਖਿਆ ਅਤੇ ਉਹ ਬਿਨਾਂ ਕਿਸੇ ਰੁਕਾਵਟ ਵੋਟ ਪੋਲ ਕਰ ਕੇ ਆ ਗਈ। ਪਹਿਲੀ ਵਾਰ ਵੋਟ ਪਾਉਣ ਕਾਰਨ ਉਸ ਨੂੰ ਚੋਣ ਅਧਿਕਾਰੀਆਂ ਵੱਲੋਂ ਮੌਕੇ 'ਤੇ ਸਨਮਾਨ ਪੱਤਰ ਵੀ ਦਿੱਤਾ ਗਿਆ, ਪਰ ਅਕਾਲੀ ਦਲ ਦਾ ਬੈਜ ਲਾ ਕੇ ਵੋਟ ਪਾਉਣ ਮੌਕੇ ਦੀ ਉਸ ਦੀ ਵੀਡੀਓ ਵਾਇਰਲ ਹੋ ਗਈ, ਜਿਸ ਨਾਲ ਮਾਮਲਾ ਚੋਣ ਕਮਿਸ਼ਨ ਦੇ ਨੋਟਿਸ ਵਿੱਚ ਆਇਆ ਅਤੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾਕਟਰ ਐਸ ਕਰੁਣਾ ਰਾਜੂ ਨੇ ਤੁਰੰਤ ਬਠਿੰਡਾ ਦੇ ਜ਼ਿਲ੍ਹਾ ਚੋਣ ਅਧਿਕਾਰੀਆਂ ਤੋਂ ਰਿਪੋਰਟ ਮੰਗ ਲਈ, ਜਿਸ ਵਿੱਚ ਵੀਡੀਓ ਦੇ ਆਧਾਰ ਉਤੇ ਚੋਣ ਜ਼ਾਬਤੇ ਦੇ ਉਲੰਘਣ ਦਾ ਮਾਮਲਾ ਸਹੀ ਪਾਇਆ ਗਿਆ। ਡਾਕਟਰ ਰਾਜੂ ਨੇ ਦੱਸਿਆ ਕਿ ਇਸ ਸੰਬੰਧੀ ਜਿੱਥੇ ਗੁਰਲੀਨ ਬਾਦਲ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ, ਉਥੇ ਡਿਊਟੀ 'ਤੇ ਮੌਜੂਦ ਚੋਣ ਅਮਲੇ ਦੀ ਵੀ ਜਵਾਬ ਤਲਬੀ ਕੀਤੀ ਗਈ ਹੈ।

# ਰਾਣਾ ਗੁਰਜੀਤ ਸਿੰਘ ਦੇ ਕੁੜਮ ਨੂੰ ਅਦਾਲਤ ਵੱਲੋਂ ਕੰਮ ਰੋਕਣ ਦਾ ਹੁਕਮ

ਜਲੰਧਰ, 20 ਮਈ (ਪੋਸਟ ਬਿਊਰੋ)- ਪਿੰਡ ਕਾਦੀਆਂਵਾਲ ਅਤੇ ਧਨਾਲ ਵਿੱਚ 41 ਏਕੜ ਜ਼ਮੀਨ ਦੇ ਝਗੜੇ ਵਿੱਚ ਹਲਕਾ ਕਪੂਰਥਲਾ ਦੇ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਦੇ ਕੁੜਮ ਐੱਨ ਆਰ ਆਈ ਅੰਮ੍ਰਿਤਪਾਲ ਸਿੰਘ ਨੂੰ ਅਦਾਲਤ ਨੇ ਸਟਰਲਿੰਗ ਟਾਊਨ ਵੱਲੋਂ ਜਾਣ ਵਾਲੀ ਸੜਕ 'ਤੇ ਚੱਲਦਾ ਨਿਰਮਾਣ ਕੰਮ ਰੋਕਣ ਦੇ ਹੁਕਮ ਦੇ ਦਿੱਤੇ ਹਨ। ਇਸ ਕੇਸ ਦੀ ਅਗਲੀ ਸੁਣਵਾਈ 30 ਮਈ ਨੂੰ ਹੋਣੀ ਹੈ, ਤਦ ਤੱਕ ਐੱਨ ਆਰ ਆਈ ਅੰਮ੍ਰਿਤਪਾਲ ਸਿੰਘ ਕਲੋਨੀ ਵਿੱਚ ਜਾਣ ਦਾ ਰਸਤਾ ਬੰਦ ਨਹੀਂ ਕਰ ਸਕਣਗੇ। ਇਸੇ ਕੇਸ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਪੰਜਾਬ ਪੁਲਸ ਦੇ ਮੁਖੀ ਅਤੇ ਐਡੀਸ਼ਨਲ ਚੀਫ ਸੈਕਟਰੀ ਨੂੰ ਜਾਂਚ ਕਰਨ ਨੂੰ ਕਿਹਾ ਹੈ।

ਵਰਨਣ ਯੋਗ ਹੈ ਕਿ ਫਾਰਮ ਹਾਊਸਾਂ ਦੇ ਹੋਲਡਰਜ਼ ਨੇ ਕਾਂਗਰਸ ਦੇ ਵਿਧਾਇਕ ਰਾਣਾ ਗੁਰਜੀਤ ਸਿੰਘ ਦੇ ਖਿਲਾਫ ਸ਼ਿਕਾਇਤ ਦਿੱਤੀ ਹੈ ਕਿ ਜਿਸ ਗੱਡੀ ਵਿੱਚ ਅੰਮ੍ਰਿਤਪਾਲ ਸਿੰਘ 66 ਫੁੱਟ ਰੋਡ ਉਤੇ ਆਏ ਸਨ ਅਤੇ ਉਨ੍ਹਾਂ ਦੇ ਨਾਲ ਝਗੜਾ ਕੀਤਾ ਸੀ, ਉਸ ਗੱਡੀ ਉੱਤੇ ਨੰਬਰ ਵੀ ਵੀ ਗਲਤ ਲੱਗਾ ਸੀ ਅਤੇ ਜੋ ਨੰਬਰ ਲਾਇਆ ਗਿਆ, ਉਹ ਰਾਣਾ ਦੀ ਕੰਪਨੀ ਦੀ ਕਾਰ ਦਾ ਸੀ, ਜਦ ਕਿ ਲੱਗਾ ਕੈਮਰੀ ਕਾਰ ਉੱਤੇ ਸੀ। ਰੀਅਲ ਸਟੇਟ ਵਪਾਰੀ ਅਤੇ ਹੋਟਲ ਡੇਜ ਦੇ ਮਾਲਕ ਰਾਜਨ ਚੋਪੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੋਸ਼ ਲਗਾਇਆ ਸੀ ਕਿ 41 ਏਕੜ ਜ਼ਮੀਨ ਉਨ੍ਹਾਂ ਨੇ ਅਤੇ ਉਨ੍ਹਾਂ ਨਾਲ ਕਈ ਵੱਡੇ ਘਰਾਣਿਆਂ ਨੇ ਅੰਮ੍ਰਿਤਪਾਲ ਸਿੰਘ ਤੋਂ ਖਰੀਦੀ ਸੀ। ਜਦ ਜ਼ਮੀਨ ਲੈ ਲਈ ਤਾਂ ਉਸ ਵਿੱਚ 66 ਫੁੱਟ ਸੜਕ ਅਤੇ 200 ਫੁੱਟ ਮੇਨ ਫਰੰਟ ਸੀ, ਇਸ ਦੀ ਰਜਿਸਟਰੀ ਵੀ ਉਨ੍ਹਾਂ ਸਭਨਾਂ ਦੇ ਨਾਂਅ 'ਤੇ ਸੀ। ਪਿੱਛੋਂ ਅੰਮ੍ਰਿਤਪਾਲ ਸਿੰਘ ਨੇ ਆਪਣੇ ਸਾਲੇ ਨਾਲ ਮਿਲ ਕੇ 200 ਫੁੱਟ ਮੇਨ ਫਰੰਟ ਨੂੰ ਆਪਣੀ ਰਿਸ਼ਤੇਦਾਰ ਦੇ ਨਾਂਅ ਕਰਵਾ ਦਿੱਤਾ ਅਤੇ ਉਸ 'ਤੇ ਉਸਾਰੀ ਸ਼ੁਰੂ ਕਰ ਦਿੱਤੀ। ਜਦ ਉਨ੍ਹਾਂ ਵਿਰੋਧ ਕੀਤਾ ਤਾਂ ਅੰਮ੍ਰਿਤਪਾਲ ਸਿੰਘ ਨੇ ਆਪਣੇ ਕੁੜਮ ਰਾਣਾ ਗੁਰਜੀਤ ਦੇ ਗੰਨਮੈਨ ਲਿਆ ਕੇ ਉਨ੍ਹਾਂ ਨੂੰ ਧਮਕੀ ਦਿੱਤੀ ਅਤੇ ਔਰਤਾਂ ਨਾਲ ਬਦਸਲੂਕੀ ਕੀਤੀ। ਇਸ ਬਾਰੇ ਉਨ੍ਹਾਂ ਨੇ ਅਦਾਲਤ ਦੀ ਸ਼ਰਣ ਲਈ ਸੀ। ਸਿਵਲ ਜੱਜ ਜੂਨੀਅਰ ਡਿਵੀਜ਼ਨ ਰਾਜਿੰਦਰ ਸਿੰਘ ਤੇਜੀ ਦੀ ਅਦਾਲਤ ਨੇ ਹੁਕਮ ਦਿੱਤਾ ਹੈ ਕਿ ਸਟਰਲਿੰਗ ਟਾਊਨ ਵਿਲਾ ਦੇ ਰਸਤੇ ਨੂੰ ਨਹੀਂ ਰੋਕਿਆ ਜਾ ਸਕਦਾ। ਉਥੇ ਚੱਲ ਰਹੇ ਨਿਰਮਾਣ ਨੂੰ ਰੋਕਣ ਦੇ ਹੁਕਮ ਦਿੱਤੇ ਹਨ।

# ਡੇਰਾ ਸਿਰਸਾ ਨੇ ਐਤਕੀਂ ਵੱਖੋ-ਵੱਖ ਥਾਈਂ ਚੋਗਾ ਵੰਡਵਾਂ ਪਾਇਆ

ਬਠਿੰਡਾ, 20 ਮਈ (ਪੋਸਟ ਬਿਊਰੋ)- ਡੇਰਾ ਸਿਰਸਾ ਨੇ ਐਤਕੀਂ ਸਿਆਸੀ ਟਕਰਾਅ ਤੋਂ ਪਾਸਾ ਵੱਟਿਆ ਤੇ ਮੁੱਖ ਸਿਆਸੀ ਧਿਰਾਂ ਨੂੰ ਇਕੋ ਜਿਹਾ ਗੱਫਾ ਦਿੱਤਾ ਹੈ। ਡੇਰੇ ਦੇ ਸਿਆਸੀ ਵਿੰਗ ਨੇ ਕੱਲ੍ਹ ਰਾਤ ਜੋ ਗੁਪਤ ਸੁਨੇਹੇ ਲਾਏ, ਉਨ੍ਹਾਂ ਦੇ ਅਨੁਸਾਰ ਡੇਰਾ ਸਿਰਸਾ ਨੇ ਅਕਾਲੀ ਦਲ ਅਤੇ ਕਾਂਗਰਸ ਦੋਵਾਂ ਦੀ ਵੱਖੋ-ਵੱਖ ਥਾਂ ਸਿਆਸੀ ਮਦਦ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਕਿਸੇ ਪਾਰਲੀਮੈਂਟ ਹਲਕੇ ਵਿੱਚ ਡੇਰਾ ਸੱਚਾ ਸੌਦਾ ਸਿਰਸਾ ਦੇ ਪੈਰੋਕਾਰਾਂ ਨੇ ਕਾਂਗਰਸ ਨੂੰ ਵੋਟਾਂ ਪਾਈਆਂ ਅਤੇ ਕਿਸੇ ਹਲਕੇ ਵਿੱਚ ਅਕਾਲੀ ਦਲ ਵੱਲ ਝੁਕਾਅ ਰਿਹਾ। ਡੇਰੇ ਨੇ ਸਿਆਸੀ ਧਿਰ ਬਣਨ ਤੋਂ ਗੁਰੇਜ਼ ਕੀਤਾ ਹੈ। ਕੇਂਦਰ ਵਿੱਚ ਨਵੀਂ ਸਰਕਾਰ ਕਿਸ ਦੀ ਬਣੇਗੀ, ਉਸ ਦਾ ਭੇਤ ਨਾ ਹੋਣ ਕਰਕੇ ਡੇਰੇ ਨੇ ਪੰਜਾਬ ਵਿੱਚ ਦੋਵਾਂ ਮੁੱਖ ਧਿਰਾਂ ਦੀ ਬਾਂਹ ਫੜੀ ਹੈ। ਪਤਾ ਲੱਗਾ ਹੈ ਕਿ ਮਾਨਸਾ ਜ਼ਿਲੇ ਵਿੱਚ ਡੇਰਾ ਪੈਰੋਕਾਰਾਂ ਨੇ ਆਪਣਾ ਝੁਕਾਅ ਅਕਾਲੀ ਦਲ ਵੱਲ ਦਿਖਾਇਆ, ਪਰ ਬਠਿੰਡਾ ਜ਼ਿਲੇ ਦੇ ਚਾਰ ਵਿਧਾਨ ਸਭਾ ਹਲਕਿਆਂ ਵਿੱਚ ਕਾਂਗਰਸ ਦਾ ਬਟਨ ਦੱਬੇ ਜਾਣ ਦੀ ਚਰਚਾ ਹੈ। ਉਂਜ ਡੇਰੇ ਦਾ ਸਿਆਸੀ ਵਿੰਗ ਦੇ ਆਗੂ ਇਸ ਮਾਮਲੇ 'ਤੇ ਮੂੰਹ ਖੋਲ੍ਹਣ ਨੂੰ ਤਿਆਰ ਨਹੀਂ ਹਨ। ਦੱਸਿਆ ਜਾਂਦਾ ਹੈ ਕਿ ਡੇਰਾ ਮੁਖੀ ਨੂੰ ਸਜ਼ਾ ਹੋਣ ਮਗਰੋਂ ਡੇਰਾ ਦੇ ਸਿਆਸੀ ਵਿੰਗ ਨੇ ਫੈਸਲਾ ਜਨਤਕ ਕਰਨ ਤੋਂ ਪਾਸਾ ਵੱਟਿਆ ਹੈ। ਇਹ ਡੇਰਾ ਪਹਿਲਾਂ ਸਿਆਸੀ ਫੈਸਲਿਆਂ ਦਾ ਨੁਕਸਾਨ ਝੱਲ ਚੁੱਕਾ ਹੈ ਤੇ ਇਸੇ ਲਈ ਸਿਆਸੀ ਵਿੰਗ ਨੇ ਕਿਸੇ ਸਿਆਸੀ ਧਿਰ ਨੂੰ ਨਾਰਾਜ਼ ਕਰਨ ਦੀ ਭੁੱਲ ਨਹੀਂ ਕੀਤੀ। ਬਠਿੰਡਾ ਪਾਰਲੀਮੈਂਟ ਹਲਕੇ ਤੋਂ ਇਲਾਵਾ ਮਾਲਵਾ ਦੀਆਂ ਬਾਕੀ ਚਾਰ ਸੀਟਾਂ ਵਿੱਚੋਂ ਦੋ ਸੀਟਾਂ 'ਤੇ ਅਕਾਲੀ ਦਲ ਨੂੰ ਹੁਲਾਰਾ ਦਿੱਤਾ ਹੈ, ਪਰ ਦੋ ਸੀਟਾਂ 'ਤੇ ਕਾਂਗਰਸ ਦਾ ਪੱਖ ਪੂਰਿਆ ਹੈ।

# ਸੀ ਆਈ ਏ ਇੰਚਾਰਜ ਨੇ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ



ਫਰੀਦਕੋਟ, 20 ਮਈ (ਪੋਸਟ ਬਿਊਰੋ)- ਸੀ ਆਈ ਏ ਸਟਾਫ ਫਰੀਦਕੋਟ ਦੇ ਇੰਚਾਰਜ ਇੰਸਪੈਕਟਰ ਨਰਿੰਦਰ ਸਿੰਘ ਨੇ ਕੱਲ੍ਹ ਸ਼ਾਮ ਆਪਣੇ ਦਫਤਰ ਪਹੁੰਚ ਕੇ ਆਪਣੀ ਅਸਾਲਟ ਰਾਈਫਲ ਨੂੰ ਠੋਡੀ ਦੇ ਨਾਲ ਲਾ ਕੇ ਫਾਇਰ ਕਰਦੇ ਹੋਏ ਆਪਣੀ ਜਾਨ ਦੇ ਦਿੱਤੀ, ਪਰ ਇਸ ਦਾ ਕਾਰਨ ਪਤਾ ਨਹੀਂ ਲੱਗ ਸਕਿਆ। ਲੋਕ ਸਭਾ ਚੋਣਾਂ ਕਾਰਨ ਕੱਲ੍ਹ ਉਨ੍ਹਾਂ ਦੀ ਡਿਊਟੀ ਪੈਟਰੋਲਿੰਗ ਪਾਰਟੀ ਵਿੱਚ ਸੀ। ਸ਼ਾਮ ਕਰੀਬ ਪੰਜ ਵਜੇ ਡਿਊਟੀ ਵਿਚਾਲੇ ਛੱਡ ਕੇ ਉਹ ਬੱਸ ਸਟੈਂਡ ਨਾਲ ਲੱਗਦੇ ਸੀ ਆਈ ਏ ਸਟਾਫ ਪਹੁੰਚੇ ਅਤੇ ਇਹ ਕਦਮ ਚੁੱਕਿਆ ਅਤੇ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਇੰਸਪੈਕਟਰ ਜ਼ੀਰਾ (ਫਿਰੋਜ਼ਪੁਰ) ਦੇ ਪਿੰਡ ਮਰਸਈ ਦੇ ਰਹਿਣ ਵਾਲੇ ਸੀ। ਪਰਵਾਰ ਵਿੱਚ ਪਤਨੀ ਸਮੇਤ ਇਕ ਬੇਟਾ ਤੇ ਇਕ ਬੇਟੀ ਹੈ। ਬੇਟੀ ਕੈਨੇਡਾ ਵਿਚ ਹੈ, ਜਦ ਕਿ ਬੇਟਾ 12ਵੀਂ ਦਾ ਵਿਦਿਆਰਥੀ ਹੈ। ਪੁਲਸ ਦੇ ਅਨੁਸਾਰ ਇੰਸਪੈਕਟਰ ਨਰਿੰਦਰ ਸਿੰਘ, ਪਿਛਲੇ ਲੰਮੇ ਸਮੇਂ ਤੋਂ ਫਰੀਦਕੋਟ ਤੇ ਮੁਕਤਸਰ ਜ਼ਿਲਿਆਂ ਦੇ ਵੱਖ-ਵੱਖ ਥਾਣਿਆਂ ਵਿੱਚ ਇੰਚਾਰਜ ਅਤੇ ਇੰਚਾਰਜ ਸੀ ਆਈ ਏ ਸੇਵਾਵਾਂ ਨਿਭਾ ਰਹੇ ਸਨ। ਫਰੀਦਕੋਟ ਦੇ ਸੀ ਆਈ ਏ ਸਟਾਫ ਵਿੱਚ ਇੰਚਾਰਜ ਇੰਸਪੈਕਟਰ ਨਰਿੰਦਰ ਸਿੰਘ ਨੂੰ ਲੋਕ ਸਭਾ ਚੋਣਾਂ ਲਈ ਮੁੱਖ ਪੈਟਰੋਲਿੰਗ ਪਾਰਟੀ ਦਾ ਇੰਚਾਰਜ ਬਣਾਇਆ ਗਿਆ ਸੀ, ਜਿਸ ਨੂੰ ਜ਼ਿਲੇ ਵਿੱਚ ਕਿਤੇ ਵੀ ਹਿੰਸਾ ਹੋਣ ਉੱਤੇ ਤੁਰੰਤ ਕਾਰਵਾਈ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਐਸ ਐਸ ਪੀ ਰਾਜਬਚਨ ਸਿੰਘ ਨੇ ਕਿਹਾ ਕਿ ਇੰਸਪੈਕਟਰ ਦੇ ਖੁਦਕੁਸ਼ੀ ਕਰਨ ਦੇ ਕਾਰਨਾਂ ਦਾ ਅਜੇ ਤੱਕ ਕੁਝ ਪਤਾ ਨਹੀਂ ਲੱਗ ਸਕਿਆ ਹੈ ਅਤੇ ਪੁਲਸ ਵੱਲੋਂ ਮ੍ਰਿਤਕ ਅਧਿਕਾਰੀ ਦੇ ਫੋਨ ਕਾਲ ਡਿਟੇਲ ਨੂੰ ਖੰਗਾਲਿਆ ਜਾ ਰਿਹਾ ਹੈ।

# ਡਿਊਟੀ ਦੌਰਾਨ ਸੀ ਡੀ ਪੀ ਓ ਦੀ ਹਾਰਟ ਅਟੈਕ ਨਾਲ ਮੌਤ

ਲੁਧਿਆਣਾ, 20 ਮਈ (ਪੋਸਟ ਬਿਊਰੋ)- ਵੋਟਿੰਗ ਮਸ਼ੀਨਾਂ ਦੀ ਟਰੇਨਿੰਗ ਦੇ ਮਸ਼ੀਨਾਂ ਨੂੰ ਰਵਾਨਾ ਕਰਨ ਪਿੱਛੋਂ ਜਾ ਰਹੇ ਸੀ ਡੀ ਪੀ ਓ ਜੀਵਨ ਕੁਮਾਰ (58) ਦੀ ਕੱਲ੍ਹ ਰਾਤ ਕੋਹਾੜਾ ਦੇ ਕੋਲ ਗੱਡੀ ਵਿੱਚ ਹੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਜੀਵਨ ਕੁਮਾਰ ਦੀ ਹਾਰਟ ਅਟੈਕ ਦੇ ਕਾਰਨ ਮੌਤ ਹੋਈ ਹੈ।

ਡੀ ਸੀ ਲੁਧਿਆਣਾ ਪ੍ਰਤੀਕ ਅਗਰਵਾਲ ਅਤੇ ਡੀ ਸੀ ਫਤਿਹਗੜ੍ਹ ਪ੍ਰਸ਼ਾਂਤ ਗੋਇਲ ਦੇ ਨਾਲ-ਨਾਲ ਐਸ ਟੀ ਐਮ ਅਮਰਜੀਤ ਸਿੰਘ ਬੈਂਸ ਉਥੇ ਪਹੁੰਚੇ। ਦੇਰ ਰਾਤ ਚੀਫ ਇਲੈਕਸ਼ਨ ਕਮਿਸ਼ਨ ਐਸ ਕਰੁਣਾ ਰਾਜੂ ਸਿਵਲ ਹਸਪਤਾਲ ਪਹੁੰਚੇ ਅਤੇ ਪਰਵਾਰ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਪਰਵਾਰ ਨੂੰ ਹਰ ਮਦਦ ਦਾ ਭਰੋਸਾ ਦਿੱਤਾ। ਸੀ ਡੀ ਪੀ ਓ ਜੀਵਨ ਕੁਮਾਰ ਬਲਾਕ ਮਾਂਗਟ ਵਿੱਚ ਤੈਨਾਤ ਸੀ। ਉਹ ਬਤੌਰ ਵੋਟਿੰਗ ਮਸ਼ੀਨਾਂ ਦੇ ਮਾਸਟਰ ਟ੍ਰੇਨਰ ਕੰਮ ਕਰ ਰਹੇ ਸਨ। ਚੋਣਾਂ ਦੇ ਦੌਰਾਨ ਫਤਿਹਗੜ੍ਹ ਵਿੱਚ ਉਨ੍ਹਾਂ ਦੀ ਡਿਊਟੀ ਸੀ। ਕੱਲ੍ਹ ਰਾਤ ਪੋਲਿੰਗ ਟੀਮਾਂ ਨੂੰ ਟਰੇਨਿੰਗ ਦੇਣ ਪਿੱਛੋਂ ਉਨ੍ਹਾਂ ਨੇ ਮਸ਼ੀਨਾਂ ਸੌਂਪੀਆਂ ਸਨ। ਇਸ ਦੇ ਬਾਅਦ ਉਹ ਜੀ ਪੀ ਐਸ ਲੱਗੀ ਗੱਡੀਆਂ ਦੇ ਪਿੱਛੇ ਜਾ ਰਹੇ ਸਨ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਅਸਿਸਟੈਂਟ ਰਾਜ ਕੁਮਾਰ ਜਾ ਰਹੇ ਸੀ। ਗੱਡੀ ਵਿੱਚ ਬੈਠੇ ਹੋਏ ਜੀਵਨ ਅਚਾਨਕ ਰਾਜ ਕੁਮਾਰ ਦੇ ਮੋਢੇ 'ਤੇ ਡਿੱਗ ਗਏ। ਰਾਜੂ ਨੇ ਤੁਰੰਤ ਇਸ ਦੀ ਜਾਣਕਾਰੀ ਅਧਿਕਾਰੀਆਂ ਨੂੰ ਦਿੱਤੀ। ਅਧਿਕਾਰੀਆਂ ਨੇ ਜੀਵਨ ਕੁਮਾਰ ਨੂੰ ਤੁਰੰਤ ਫੋਰਟਿਸ ਹਸਪਤਾਲ ਲਿਜਾਣ ਦੀ ਗੱਲ ਕੀਤੀ। ਉਥੇ ਪਹੁੰਚਦੇ ਸਾਰ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

# ਲਾਈਵ ਵੋਟ ਪਾਉਣ ਵਾਲੇ ਦੋ ਜਣੇ ਗ੍ਰਿਫਤਾਰ

ਐਸ ਏ ਐਸ ਨਗਰ, 20 ਮਈ (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਦੌਰਾਨ ਕੱਲ੍ਹ ਫੇਸਬੁੱਕ ਉੱਤੇ ਲਾਈਵ ਹੋ ਕੇ ਵੋਟ ਪਾਉਣ ਵਾਲੇ ਰਾਹੁਲ ਕਾਲੀਆ ਅਤੇ ਭਾਨੂ ਪ੍ਰਤਾਪ ਦੇ ਖਿਲਾਫ ਕੁਰਾਲੀ ਥਾਣੇ 'ਚ ਐਫ ਆਈ ਆਰ ਦਰਜ ਕੀਤੀ ਗਈ ਹੈ। ਪੁਲਸ ਨੇ ਇਨ੍ਹਾਂ ਦੋਵਾਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਡਿਪਟੀ ਕਮਿਸ਼ਨਰ-ਕਮ-ਜ਼ਿਲਾ ਚੋਣ ਅਫਸਰ ਗੁਰਪ੍ਰੀਤ ਕੌਰ ਸਪਰਾ ਨੇ ਦੱਸਿਆ ਕਿ ਬੂਥ ਨਗਰ 150 ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕੁਰਾਲੀ ਵਿੱਚ ਕੱਲ੍ਹ ਲੋਕ ਸਭਾ ਚੋਣਾਂ ਦੌਰਾਨ ਰਾਹੁਲ ਕਾਲੀਆ ਤੇ ਭਾਨੂ ਪ੍ਰਤਾਪ ਨਾਂ ਦੇ ਵਿਅਕਤੀਆਂ ਨੇ ਫੇਸਬੁੱਕ 'ਤੇ ਲਾਈਵ ਹੋ ਕੇ ਆਪਣੀ ਵੋਟ ਪਾਈ ਸੀ। ਇਸ ਨਾਲ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਉਲੰਘਣਾ ਹੋਈ ਹੈ। ਉਨ੍ਹਾਂ ਇਸ ਪੋਲਿੰਗ ਬੂਥ ਦੇ ਸੁਰੱਖਿਆ ਅਮਲੇ ਦੇ ਖਿਲਾਫ ਵੀ ਫਰਜ਼ 'ਚ ਕੁਤਾਹੀ ਕਰਨ ਦੇ ਦੋਸ਼ ਹੇਠ ਕਾਰਵਾਈ ਕਰਨ ਦਾ ਹੁਕਮ ਦਿੱਤਾ ਹੈ, ਕਿਉਂਕਿ ਉਨ੍ਹਾਂ ਇਸ ਵੋਟਰ ਨੂੰ ਬਿਨਾਂ ਚੈਕਿੰਗ ਕੀਤੇ ਪੋਲਿੰਗ ਬੂਥ ਅੰਦਰ ਕਿਵੇਂ ਜਾਣ ਦਿੱਤਾ। ਜ਼ਿਲਾ ਚੋਣ ਅਫਸਰ ਸਪਰਾ ਨੇ ਦੱਸਿਆ ਕਿ ਇਸ ਪੋਲਿੰਗ ਬੂਥ ਦੇ ਪ੍ਰੀਜ਼ਾਈਡਿੰਗ ਅਫਸਰ ਜੁਗਿੰਦਰ ਸਿੰਘ, ਸੁਪਰਡੈਂਟ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ (ਪ੍ਰੀਖਿਆ ਸ਼ਾਖਾ) ਨੂੰ ਵੀ ਤੁਰੰਤ ਪੋਲਿੰਗ ਡਿਊਟੀ ਤੋਂ ਫਾਰਗ ਕਰਨ ਲਈ ਕਿਹਾ ਹੈ। ਉਨ੍ਹਾਂ ਇਸ ਬੂਥ ਦੀ ਏ ਪੀ ਆਰ ਓ ਮਲਕਾ, ਸੀਨੀਅਰ ਸਹਾਇਕ ਦਫਤਰ ਡੀ ਪੀ ਆਈ (ਪ੍ਰਾਇਮਰੀ) ਪੰਜਾਬ ਮੁਹਾਲੀ ਨੂੰ ਪ੍ਰੀਜ਼ਾਈਡਿੰਗ ਅਫਸਰ ਦਾ ਕੰਮ ਸੌਂਪਣ ਤੇ ਰਿਜ਼ਰਵ ਸਟਾਫ ਵਿੱਚੋਂ ਇਕ ਮੁਲਾਜ਼ਮ ਨੂੰ ਇਸ ਪੋਲਿੰਗ ਬੂਥ 'ਤੇ ਫੌਰਨ ਬਤੌਰ ਪੋਲਿੰਗ ਅਫਸਰ ਵਜੋਂ ਲਾਉਣ ਦਾ ਆਦੇਸ਼ ਦਿੱਤਾ।

# ਦੇਰ ਰਾਤ ਘਰ ਨੂੰ ਪਰਤਦੀ ਔਰਤ ਉੱਤੇ ਤੇਜ਼ਾਬ ਸੁੱਟਿਆ

ਮਾਨਸਾ, 20 ਮਈ (ਪੋਸਟ ਬਿਊਰੋ)- ਕੱਲ੍ਹ ਰਾਤ ਇੱਕ ਸਮਾਗਮ ਤੋਂ ਘਰ ਪਰਤਦੀ ਇੱਕ ਔਰਤ 'ਤੇ ਕੁਝ ਵਿਅਕਤੀਆਂ ਨੇ ਤੇਜ਼ਾਬ ਸੁੱਟ ਦਿੱਤਾ, ਜੋ ਇਸ ਸਮੇਂ ਸਿਵਲ ਹਸਪਤਾਲ ਮਾਨਸਾ ਵਿਖੇ ਦਾਖਲ ਹੈ। ਪੁਲਸ ਨੂੰ ਦਿੱਤੀ ਰਿਪੋਰਟ ਵਿੱਚ ਔਰਤ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਉਹ ਇੱਕ ਸਾਬਕਾ ਫੌਜੀ ਦੇ ਵਿਆਹ ਦੇ ਝਾਂਸੇ ਵਿੱਚ ਬਲਾਤਕਾਰ ਦਾ ਸ਼ਿਕਾਰ ਹੋ ਗਈ ਸੀ। ਇਸ ਬਾਰੇ ਮਾਨਸਾ ਵਿਖੇ ਉਸ ਸਾਬਕਾ ਫੌਜੀ ਉੱਤੇ ਕੇਸ ਦਰਜ ਹੈ, ਜਿਸ ਦੇ ਬਿਆਨ ਤੋਂ ਮੁਕਰਾਉਣ ਲਈ ਉਹ ਉਸ 'ਤੇ ਕਈ ਤਰ੍ਹਾਂ ਦੇ ਦਬਾਅ ਬਣਾ ਰਿਹਾ ਹੈ ਤੇ ਕੱਲ੍ਹ ਰਾਤ ਉਸ ਨੇ ਤੇ ਉਸ ਦੇ ਸਾਥੀਆਂ ਨੇ ਮੂੰਹ ਲਪੇਟ ਕੇ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਕੋਲ ਉਸ 'ਤੇ ਤੇਜ਼ਾਬ ਸੁੱਟ ਦਿੱਤਾ, ਜਿਸ ਨਾਲ ਉਸ ਦੀਆਂ ਲੱਤਾਂ ਅਤੇ ਬਾਹਾਂ ਝੁਲਸ ਗਈਆਂ। ਮਾਨਸਾ ਸ਼ਹਿਰ ਵਿੱਚ ਬੁਟੀਕ ਦੀ ਦੁਕਾਨ ਕਰਨ ਵਾਲੀ ਇਸ ਔਰਤ ਦਾ ਕਹਿਣਾ ਹੈ ਕਿ ਇੱਕ ਲੜਕੀ ਰਾਹੀਂ ਉਸ ਦੇ ਸੰਪਰਕ ਵਿੱਚ ਆਉਣ ਵਾਲੇ ਜ਼ਿਲ੍ਹੇ ਦੇ ਪਿੰਡ ਗੁਰਨੇ ਕਲਾਂ ਦੇ ਸੇਵਾ ਮੁਕਤ ਫੌਜੀ ਬਲਵਿੰਦਰ ਸਿੰਘ ਨੇ ਵਿਆਹ ਦਾ ਝਾਂਸਾ ਦੇ ਕੇ ਉਸ ਨਾਲ ਬਲਾਤਕਾਰ ਕੀਤਾ, ਫਿਰ ਉਸ ਨਾਲ ਵਿਆਹ ਕਰਾਇਆ, ਉਸ ਦੇ ਨਾਂਅ ਦੁਕਾਨ ਆਦਿ ਕਰਵਾਈ, ਪਰ ਬਾਅਦ 'ਚ ਉਸ ਤੋਂ ਸਭ ਕੁਝ ਵਾਪਸ ਲੈ ਲਿਆ ਅਤੇ ਵਿਰੋਧ ਕਰਨ 'ਤੇ ਉਸ ਨੂੰ ਘਰੋਂ ਕੱਢ ਦਿੱਤਾ ਗਿਆ। ਥਾਣਾ ਸ਼ਹਿਰੀ ਮਾਨਸਾ ਦੀ ਮੁਖੀ ਸਰਬਜੀਤ ਕੌਰ ਦਾ ਕਹਿਣਾ ਹੈ ਕਿ ਇਸ ਕੇਸ ਵਿੱਚ ਬਲਵਿੰਦਰ ਸਿੰਘ ਤੇ ਉਸ ਦੇ ਭਰਾਵਾਂ ਸਮੇਤ ਛੇ ਵਿਅਕਤੀਆਂ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344

www.AREA REALTOR.com




KAMAL SANDHU

Sales Representative

647.891.0143

Off: 905.456.1010

#1 Remax Most Productive Agents in Canada -Based on 2014 Closed Transactions. Source CREA and RE/MAX internal data.



# ਪਾਰਲੀਮੈਂਟ ਚੋਣਾਂ ਵਿੱਚ ਵੋਟਾਂ ਪਾਉਣ ਦਾ ਕੰਮ ਸਿਰੇ ਲੱਗਾ, ਨਤੀਜੇ 23 ਨੂੰ



ਨਵੀਂ ਦਿੱਲੀ, 20 ਮਈ, (ਪੋਸਟ ਬਿਊਰੋ)- ਭਾਰਤੀ ਪਾਰਲੀਮੈਂਟ ਦੇ ਹੇਠਲੇ ਸਦਨ ਲੋਕ ਸਭਾ ਦੀਆਂ ਚੋਣਾਂ ਲਈ ਦੇਸ਼ ਦੇ ਵੱਖ-ਵੱਖ ਰਾਜਾਂ ਦੀਆਂ ਬਾਕੀ ਰਹਿੰਦੀਆਂ 59 ਸੀਟਾਂ ਉੱਤੇ ਅੱਜ ਸਤਵੇਂ ਅਤੇ ਆਖ਼ਰੀ ਗੇੜ ਦੀ ਵੋਟਿੰਗ ਸਿਰੇ ਚੜ੍ਹ ਗਈ ਅਤੇ ਸ਼ਾਮ ਪੰਜ ਵਜੇ ਤਕ 61 ਫ਼ੀਸਦੀ ਵੋਟਰਾਂ ਨੇ ਅਪਣੇ ਇਸ ਹੱਕ ਵੀ ਵਰਤੋਂ ਕੀਤੀ। ਇਸ ਦੌਰਾਨ ਪਛਮੀ ਬੰਗਾਲ ਅਤੇ ਪੰਜਾਬ ਵਿਚ ਕੁਝ ਥਾਈਂ ਹਿੰਸਕ ਝੜਪਾਂ, ਕੁਝ ਮਤਦਾਨ ਕੇਂਦਰਾਂ ਉੱਤੇ ਵੋਟਿੰਗ ਮਸ਼ੀਨਾਂ ਦੀ ਖ਼ਰਾਬੀ ਅਤੇ ਚੋਣ ਬਾਈਕਾਟ ਦੀਆਂ ਖ਼ਬਰਾਂ ਮਿਲੀਆਂ ਹਨ। ਚੋਣਾਂ ਦੇ ਨਤੀਜੇ 23 ਮਈ ਨੂੰ ਆਉਣਗੇ।

ਉਪ ਚੋਣ ਕਮਿਸ਼ਨਰ ਉਮੇਸ਼ ਸਿਨਹਾ ਨੇ ਦੱਸਿਆ ਕਿ ਪਿਛਲੀਆਂ ਲੋਕ ਸਭਾ ਚੋਣਾਂ ਮੌਕੇ ਸਤਵੇਂ ਦੌਰ ਵਾਲੀਆਂ 59 ਸੀਟਾਂ ਉੱਤੇ 64.63 ਫ਼ੀਸਦੀ ਵੋਟਿੰਗ ਸੀ, ਇਸ ਵਾਰੀ ਇਨ੍ਹਾਂ ਸੀਟਾਂ ਉੱਤੇ 61 ਫੀਸਦੀ ਵੋਟਿੰਗ ਹੋ ਚੁੱਕੀ ਤੇ ਅਜੇ ਜਾਰੀ ਸੀ। ਪਛਮੀ ਬੰਗਾਲ ਦੀਆਂ ਨੌਂ ਲੋਕ ਸਭਾ ਸੀਟਾਂ ਉੱਤੇ ਸੱਭ ਤੋਂ ਵੱਧ 73.05 ਫ਼ੀਸਦੀ ਵੋਟਾਂ ਪਈਆਂ ਅਤੇ ਯੂ ਪੀ ਦੀਆਂ 13 ਸੀਟਾਂ ਉੱਤੇ ਮਸਾਂ 53.76 ਫ਼ੀਸਦੀ ਵੋਟਿੰਗ ਰਹੀ। ਸੱਤ ਗੇੜਾਂ ਵਿਚ ਲੋਕ ਸਭਾ ਦੀਆਂ 543 ਵਿਚੋਂ 542 ਸੀਟਾਂ ਉੱਤੇ ਵੋਟਾਂ ਪਈਆਂ ਹਨ, ਪਰ ਤਾਮਿਲ ਨਾਡੂ ਦੀ ਵੇਲੋਰ ਸੀਟ ਉੱਤੇ ਵੋਟਿੰਗ ਤੋਂ ਪਹਿਲਾਂ ਭਾਰੀ ਮਾਤਰਾ ਵਿਚ ਨਕਦੀ ਮਿਲਣ ਕਾਰਨ ਚੋਣ ਰੋਕ ਦਿਤੀ ਗਈ ਸੀ, ਓਥੇ ਨਵੀਂ ਤਰੀਕ ਤੈਅ ਨਹੀਂ ਹੋਈ। ਸਤਵੇਂ ਗੇੜ ਵਿਚ ਪੰਜਾਬ ਦੀਆਂ ਸਾਰੀਆਂ 13 ਸੀਟਾਂ, ਉੱਤਰ ਪ੍ਰਦੇਸ਼ ਦੀਆਂ 13, ਪਛਮੀ ਬੰਗਾਲ ਦੀਆਂ ਨੌਂ, ਬਿਹਾਰ ਤੇ ਮੱਧ ਪ੍ਰਦੇਸ਼ ਦੀਆਂ 8-8, ਹਿਮਾਚਲ ਪ੍ਰਦੇਸ਼ ਦੀਆਂ ਸਾਰੀਆਂ ਚਾਰ ਸੀਟਾਂ, ਝਾਰਖੰਡ ਦੀਆਂ ਤਿੰਨ ਤੇ ਚੰਡੀਗੜ੍ਹ ਦੀ ਇਕੋ ਸੀਟ ਲਈ ਵੋਟਾਂ ਪਈਆਂ ਹਨ। ਚੋਣਾਂ ਦੇ ਇਸ ਗੇੜ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ 918 ਉਮੀਦਵਾਰਾਂ ਵਿੱਚ ਸ਼ਤਰੂਘਣ ਸਿਨਹਾ, ਫਿਲਮ ਹੀਰੋ ਸਨੀ ਦਿਉਲ, ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਵੀ ਸ਼ਾਮਲ ਸਨ।

ਇਸ ਦੌਰਾਨ ਪੱਛਮੀ ਬੰਗਾਲ ਤੋਂ ਫਿਰ ਹਿੰਸਕ ਝੜਪਾਂ ਦੀਆਂ ਖ਼ਬਰਾਂ ਮਿਲੀਆਂ ਹਨ। ਉੱਤਰੀ ਕੋਲਕਾਤਾ ਹਲਕੇ ਤੋਂ ਭਾਜਪਾ ਉਮੀਦਵਾਰ ਰਾਹੁਲ ਸਿਨਹਾ ਦੇ ਮੁਤਾਬਕ ਇਲਾਕੇ ਵਿਚ ਦੁਪਹਿਰ ਵੇਲੇ ਗਿਰੀਸ਼ ਪਾਰਕ ਲਾਗੇ ਦੇਸੀ ਬੰਬ ਸੁਟਿਆ ਗਿਆ ਸੀ, ਪਰ ਪੁਲਿਸ ਨੇ ਕਿਹਾ ਕਿ ਸਿਰਫ ਪਟਾਕੇ ਚੱਲੇ ਸਨ।। ਕੋਲਕਾਤਾ ਦਖਣੀ ਵਿੱਚ ਤ੍ਰਿਣਮੂਲ ਉਮੀਦਵਾਰ ਮਾਲਾ ਰਾਏ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਵੋਟ ਕੇਂਦਰ ਵਿਚ ਦਾਖ਼ਲ ਹੋਣ ਤੋਂ ਰੋਕਿਆ ਗਿਆ। ਤ੍ਰਿਣਮੂਲ ਕਾਂਗਰਸ ਨੇ ਦਾਅਵਾ ਕੀਤਾ ਕਿ ਕੇਂਦਰੀ ਫੋਰਸਾਂ ਨੇ ਵੋਟ ਕੇਂਦਰਾਂ ਦੇ ਬਾਹਰ ਵੋਟਰਾਂ ਨੂੰ ਡਰਾਇਆ ਸੀ। ਰਖਿਆ ਮੰਤਰੀ ਨਿਰਮਲਾ ਸੀਤਾਰਮਣ ਨੇ ਕਿਹਾ, 'ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਜਰੀ ਸ਼ੁਰੂ ਤੋਂ ਧਮਕੀ ਦੇ ਰਹੀ ਹੋਣ ਕਰ ਕੇ ਡਰ ਹੈ ਕਿ ਵੋਟਿੰਗ ਤੋਂ ਬਾਅਦ ਤ੍ਰਿਣਮੂਲ ਵਾਲੇ ਕਤਲੇਆਮ ਸ਼ੁਰੂ ਨਾ ਕਰ ਦੇਣ, ਇਸ ਲਈ ਚੋਣ ਕਮਿਸ਼ਨ ਤੋਂ ਅਸੀਂ ਮੰਗ ਕੀਤੀ ਹੈ ਕਿ ਗਿਣਤੀ ਹੋਣ ਤਕ ਇਥੇ ਕੇਂਦਰੀ ਫੋਰਸਾਂ ਰੱਖੀਆਂ ਜਾਣ। ਤ੍ਰਿਣਮੂਲ ਕਾਂਗਰਸ ਨੇ ਕੇਂਦਰੀ ਸੁਰੱਖਿਆ ਬਲਾਂ ਉੱਤੇ ਭਾਜਪਾ ਆਗੂਆਂ ਦੇ ਇਸ਼ਾਰੇ ਉੱਤੇ ਕੰਮ ਕਰਨ ਦਾ ਦੋਸ਼ ਲਾਇਆ ਹੈ। ਭਾਜਪਾ ਉਮੀਦਵਾਰ ਨੀਲੰਜਨ ਰਾਏ ਨੇ ਦੋਸ਼ ਲਾਇਆ ਕਿ ਬਜਬਜ ਇਲਾਕੇ ਵਿਚ ਉਸ ਦੀ ਕਾਰ ਦੀ ਭੰਨਤੋੜ ਕੀਤੀ ਗਈ ਹੈ।

ਏਧਰ ਪੰਜਾਬ ਦੇ ਲੁਧਿਆਣਾ, ਸਮਾਣਾ ਅਤੇ ਮੋਗਾ ਸਮੇਤ ਕਈ ਥਾਈਂ ਵੋਟਿੰਗ ਮਸ਼ੀਨਾਂ ਦੇ ਤਕਨੀਕੀ ਨੁਕਸ ਬਾਰੇ ਖ਼ਬਰਾਂ ਆਈਆਂ ਹਨ, ਪਰ ਆਮ ਕਰ ਕੇ ਸੁੱਖ-ਸ਼ਾਂਤੀ ਰਹੀ ਹੈ।

# ਐਗਜ਼ਿਟ ਪੋਲ ਦੇ ਮੁਤਾਬਕ ਭਾਜਪਾ ਗੱਠਜੋੜ ਸਰਕਾਰ ਬਣਨ ਦੀ ਸੰਭਾਵਨਾ

* ਐੱਨ ਡੀ ਏ ਗੱਠਜੋੜ ਨੂੰ 300+ ਸੀਟਾਂ ਮਿਲਣ ਦਾ ਅੰਦਾਜ਼ਾ
* ਯੂ ਪੀ ਏ ਗੱਠਜੋੜ ਨੂੰ 150 ਤੋਂ ਘੱਟ ਸੀਟਾਂ ਦੀ ਭਵਿੱਖਵਾਣੀ



ਨਵੀਂ ਦਿੱਲੀ, 19 ਮਈ, (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਖਤਮ ਹੋਣ ਤੋਂ ਇੱਕਦਮ ਬਾਅਦ ਆਏ ਐਗਜ਼ਿਟ ਪੋਲ ਦੇ ਰੁਝਾਨਾਂ ਵਿੱਚ ਭਾਜਪਾ ਦੇ ਐੱਨ ਡੀ ਏ ਗੱਠਜੋੜ ਨੂੰ ਪੂਰਾ ਬਹੁਮਤ ਮਿਲਦਾ ਵਿਖਾਈ ਦੇਂਦਾ ਹੈ, ਪਰ ਭਾਜਪਾ ਉੱਤਰ ਪ੍ਰਦੇਸ਼ ਵਿੱਚ 50 ਤੋਂ ਘੱਟ ਸੀਟਾਂ ਉੱਤੇ ਡਿਗਦੀ ਜਾਪਦੀ ਹੈ, ਜਿੱਥੇ ਪਿਛਲੀ ਵਾਰੀ ਉਸ ਨੇ 73 ਸੀਟਾਂ ਜਿੱਤੀਆਂ ਸਨ। ਐਗਜ਼ਿਟ ਪੋਲ ਦੇ ਰੁਝਾਨ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੇ ਦਾਅਵਿਆਂ ਨੂੰ ਸਹੀ ਸਾਬਤ ਕਰਦੇ ਜਾਪੇ ਹਨ।

ਸਰਵੇਖਣ ਏਜੰਸੀ ਸੀ-ਵੋਟਰ, ਰਿਪ-ਬਲਿਕਨ ਅਤੇ ਜਨ ਕੀ ਬਾਤ ਦੇ ਮੁਤਾਬਕ ਚੋਣਾਂ ਵਿੱਚ ਐੱਨ ਡੀ ਏ ਗੱਠਜੋੜ ਨੂੰ 287 ਸੀਟਾਂ, ਯੂ ਪੀ ਏ ਗੱਠਜੋੜ ਨੂੰ 128 ਸੀਟਾਂ ਅਤੇ ਹੋਰਨਾਂ ਨੂੰ 87 ਸੀਟਾਂ ਮਿਲ ਸਕਦੀਆਂ ਹਨ। ਇੱਕ ਹੋਰ ਏਜੰਸੀ ਟਾਈਮਜ਼ ਨਾਓ ਅਤੇ ਵੀ ਐਮ ਆਰ ਦੇ ਸਰਵੇ ਵਿੱਚ ਐੱਨ ਡੀ ਏ ਨੂੰ ਪੂਰਨ ਬਹੁਮਤ ਮਿਲਦਾ ਦਿੱਸਦਾ ਹੈ ਅਤੇ ਐੱਨ ਡੀ ਏ ਗੱਠਜੋੜ ਨੂੰ 306 ਸੀਟਾਂ ਮਿਲਣ ਦਾ ਦਾਅਵਾ ਕਰ ਕੇ ਹੋਰਨਾਂ ਧਿਰਾਂ ਨੂੰ 104 ਸੀਟਾਂ ਮਿਲਣ ਦੀ ਗੱਲ ਕਹੀ ਗਈ ਹੈ। ਤੀਸਰੀ ਏਜੰਸੀ ਨਿਊਜ਼ ਐਕਸ ਨੇਤਾ ਦੇ ਮੁਤਾਬਕ ਐੱਨ ਡੀ ਏ ਨੂੰ 242, ਕਾਂਗਰਸ ਗੱਠਜੋੜ ਨੂੰ 164 ਅਤੇ ਹੋਰਨਾਂ ਨੂੰ 136 ਸੀਟਾਂ ਮਿਲ ਸਕਦੀਆਂ ਹਨ। ਸਾਲ 2014 ਦੀਆਂ ਚੋਣਾਂ ਵਿੱਚ ਭਾਜਪਾ ਪੂਰਾ ਬਹੁਮਤ ਜਿੱਤ ਕੇ ਗਈ ਸੀ ਅਤੇ ਕੁਲ 543 ਸੀਟਾਂ ਵਿੱਚੋਂ ਇਕੱਲੀ ਪਾਰਟੀ ਵਜੋਂ ਭਾਜਪਾ ਨੇ 282 ਸੀਟਾਂ ਜਿੱਤੀਆਂ ਅਤੇ ਉਸ ਦੀ ਅਗਵਾਈ ਵਾਲੇ ਐੱਨ ਡੀ ਏ ਗੱਠਜੋੜ ਨੂੰ 336 ਸੀਟਾਂ ਮਿਲੀਆਂ ਸਨ ਅਤੇ ਯੂ ਪੀ ਏ ਗੱਠਜੋੜ ਨੂੰ ਸਿਰਫ 60 ਸੀਟਾਂ ਮਿਲੀਆਂ ਸਨ।

ਇਸ ਵਾਰੀ ਪੰਜਾਬ ਵਿੱਚ ਟਾਈਮਜ਼ ਨਾਓ ਅਤੇ ਵੀ ਐਮ ਆਰ ਦੇ ਸਰਵੇ ਮੁਤਾਬਕ 10 ਉੱਤੇ ਕਾਂਗਰਸ ਪਾਰਟੀ ਜਿੱਤ ਰਹੀ ਹੈ ਅਤੇ 3 ਸੀਟਾਂ ਉੱਤੇ ਐੱਨ ਡੀ ਏ ਗੱਠਜੋੜ ਨੂੰ ਆ ਸਕਦੀਆਂ ਹਨ। ਇੰਡੀਆ ਟੁਡੇ ਅਤੇ ਮਾਈ ਐਕਸਿਸ ਦੇ ਸਰਵੇ ਵਿੱਚ ਪੰਜਾਬ ਵਿੱਚ 8 ਸੀਟਾਂ ਕਾਂਗਰਸ ਨੂੰ, 4 ਸੀਟਾਂ ਐੱਨ ਡੀ ਏ ਅਤੇ 1 ਹੋਰ ਦੇ ਖ਼ਾਤੇ ਵਿੱਚ ਜਾਣ ਦੀ ਆਸ ਹੈ।

ਉੱਤਰ ਪ੍ਰਦੇਸ਼ ਬਾਰੇ ਸੀ ਵੋਟਰ ਦੇ ਐਗਜ਼ਿਟ ਪੋਲ ਵਿੱਚ ਐੱਨ ਡੀ ਏ ਨੂੰ 80 ਸੀਟਾਂ ਵਿੱਚੋਂ 38 ਤੇ ਅਖਿਲੇਸ਼ ਸਿੰਘ ਅਤੇ ਮਾਇਆਵਤੀ ਦੇ ਗੱਠਜੋੜ ਨੂੰ 40 ਅਤੇ ਕਾਂਗਰਸ ਨੂੰ ਸਿਰਫ 2 ਸੀਟਾਂ ਮਿਲ ਰਹੀਆਂ ਹਨ। ਨੀਲਸਨ ਅਤੇ ਏ ਬੀ ਪੀ ਦੇ ਐਗਜ਼ਿਟ ਪੋਲ ਵਿੱਚ ਭਾਜਪਾ ਗੱਠਜੋੜ ਨੂੰ 22, ਵਿਰੋਧੀਆਂ ਦੇ ਮਹਾਗਠਜੋੜ ਨੂੰ 56 ਅਤੇ ਕਾਂਗਰਸ ਨੂੰ 2 ਸੀਟਾਂ ਮਿਲ ਰਹੀਆਂ ਹਨ। ਟਾਈਮਜ਼ ਨਾਓ ਵਿੱਚ ਐੱਨ ਡੀ ਏ ਨੂੰ 58, ਮਹਾਗਠਜੋੜ ਨੂੰ 20 ਅਤੇ ਕਾਂਗਰਸ ਨੂੰ 2 ਸੀਟਾਂ ਮਿਲ ਰਹੀਆਂ ਹਨ। ਇਸ ਬਾਰੇ ਅੰਤਮ ਨਤੀਜੇ 23 ਮਈ ਨੂੰ ਆਉਣਗੇ।

## ਪੰਜ ਸਾਲ ਦੀ ਪ੍ਰੈਕਟਿਸ ਪਿੱਛੋਂ ਪਾਣੀ ਵਿੱਚ 1.48 ਮਿੰਟ ਵਿੱਚ ਨੌਂ ਕਿਊਬ ਹੱਲ ਕੀਤੇ

ਮੁੰਬਈ, 20 ਮਈ (ਪੋਸਟ ਬਿਊਰੋ)- ਮੁੰਬਈ ਦੇ ਵਸਨੀਕ ਚਿਨਮਯ ਪ੍ਰਭੂ ਨੇ ਪਾਣੀ ਵਿੱਚ ਨੌਂ ਪਿਰਾਮਿੰਸ (ਪਿਰਾਮਿਡ ਦੇ ਆਕਾਰ ਵਾਲੇ ਰੂਬਿਕ ਦੇ ਕਿਊਬ) ਨੂੰ ਹੱਲ ਕਰ ਕੇ ਗਿਨੀਜ਼ ਵਰਲਡ ਰਿਕਾਰਡ ਵਿੱਚ ਨਾਂਅ ਕਰਵਾ ਲਿਆ ਹੈ। ਇਸ ਕਾਮਯਾਬੀ ਉਤੇ ਚਿਨਮਯ ਨੇ ਕਿਹਾ, ਮੈਨੂੰ ਕਿਊਬਿੰਗ ਅਤੇ ਸਵੀਮਿੰਗ ਦੋਵੇਂ ਪਸੰਦ ਹਨ। ਬੱਸ ਇਥੋਂ ਕੁਝ ਨਵਾਂ ਕਰਨ ਦਾ ਵਿਚਾਰ ਮਨ ਵਿੱਚ ਆਇਆ। ਸੋਚਿਆ ਕਿਉਂ ਨਾ ਇਨ੍ਹਾਂ ਨੂੰ ਇਕੱਠੇ ਕਰ ਕੇ ਕੁਝ ਨਵਾਂ ਬਣਾਇਆ ਜਾਏ। ਬੱਸ ਮੈਂ ਗਿਨੀਜ਼ ਬੁਕ ਤੋਂ ਇਸ ਬਾਰੇ ਪੁੱਛਿਆ ਕਿ ਇਸ ਤਰ੍ਹਾਂ ਦਾ ਕੋਈ ਰਿਕਾਰਡ ਪਹਿਲਾਂ ਬਣਿਆ ਹੈ। ਫਿਰ ਮੈਂ ਪੰਜ ਸਾਲ ਪਹਿਲਾਂ ਪਾਣੀ ਦੇ ਅੰਦਰ ਪ੍ਰੈਕਟਿਸ ਸ਼ੁਰੂ ਕੀਤੀ ਸੀ। ਹੌਲੀ ਹੌਲੀ ਪਾਣੀ ਅੰਦਰ ਸਾਹ ਰੋਕਣ ਦੇ ਸਮੇਂ ਨੂੰ ਵਧਾਇਆ ਹੈ। ਪਹਿਲਾਂ ਤੀਹ ਤੋਂ 35 ਸੈਕਿੰਡ ਤੱਕ ਹੀ ਪਾਣੀ ਵਿੱਚ ਸਾਹ ਨੂੰ ਰੋਕ ਸਕਦਾ ਸੀ, ਪਰ ਬਾਅਦ ਵਿੱਚ ਇੱਕ ਮਿੰਟ 50 ਸੈਕਿੰਡ ਤੱਕ ਅਜਿਹਾ ਕਰਨ ਵਿੱਚ ਸਫਲ ਹੋਇਆ।ਚਿਨਮਯ ਆਪਣੇ ਹੁਨਰ ਨੂੰ ਦੂਸਰੇ ਲੋਕਾਂ ਨੂੰ ਵੀ ਕੋਚਿੰਗ ਦੇ ਜ਼ਰੀਏ ਦੱਸ ਰਹੇ ਹਨ। ਉਨ੍ਹਾਂ ਦਾ ਸਭ ਤੋਂ ਛੋਟਾ ਸਟੂਡੈਂਟ ਚਾਰ ਸਾਲ ਦਾ ਲੜਕਾ ਹੈ। ਚਿਨਮਯ ਦੇ ਪਿਤਾ ਪ੍ਰਦੀਪ ਪ੍ਰਭੂ ਕਹਿੰਦੇ ਹਨ ਕਿ ਉਨ੍ਹਾਂ ਨੇ ਕਦੇ ਨਹੀਂ ਸੋਚਿਆ ਸੀ ਕਿ ਚਿਨਮਯ ਅਜਿਹਾ ਰਿਕਾਰਡ ਬਣਾ ਸਕੇਗਾ।

## ਗੌਡਸੇ ਬਾਰੇ ਸਾਧਵੀ ਪ੍ਰਗਿਆ ਦੇ ਬਿਆਨ ਦੀ ਨਿਤੀਸ਼ ਵੱਲੋਂ ਨਿੰਦਾ



ਨਵੀਂ ਦਿੱਲੀ, 20 ਮਈ (ਪੋਸਟ ਬਿਊਰੋ)- ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਅਪ੍ਰੈਲ ਮਈ ਦੇ ਮਹੀਨੇ ਅਤੇ ਫਿਰ ਸੱਤ ਪੜਾਵਾਂ ਵਿੱਚ ਚੋਣਾਂ ਕਰਵਾਉਣ ਬਾਰੇ ਸਵਾਲ ਖੜੇ ਕੀਤੇ ਹਨ। ਉਨ੍ਹਾਂ ਕਿਹਾ ਕਿ ਇੰਨੀ ਗਰਮੀ ਵਿੱਚ ਇੰਨੀਆਂ ਲੰਬੀਆਂ ਚੋਣਾਂ ਚੱਲਣੀਆਂ ਸਹੀ ਨਹੀਂ ਹਨ।

ਇਸ ਦੌਰਾਨ ਨਾਥੂ ਰਾਮ ਗੌਡਸੇ ਬਾਰੇ ਸਾਧਵੀ ਪ੍ਰਗਿਆ ਠਾਕਰ ਦੇ ਬਿਆਨ ਦੇ ਬਾਅਦ ਸਿਆਸੀ ਭੂਚਾਲ ਆ ਗਿਆ ਸੀ। ਇਸ ਦੇ ਬਾਅਦ ਐਨ ਡੀ ਏ ਗੱਠਜੋੜ ਦੇ ਸਾਥੀ ਨਿਤੀਸ਼ ਕੁਮਾਰ ਨੇ ਸਾਧਵੀ ਪ੍ਰਗਿਆ ਦੇ ਬਿਆਨ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਮਹਾਤਮਾ ਗਾਂਧੀ ਦੇ ਖਿਲਾਫ ਅਜਿਹੇ ਬਿਆਨ ਬਰਦਾਸ਼ਤ ਨਹੀਂ ਕੀਤੇ ਜਾ ਸਕਦੇ। ਭਾਜਪਾ ਇਸ ਦਾ ਕੀ ਫੈਸਲਾ ਲੈਂਦੀ ਹੈ, ਇਸ ਨੂੰ ਨਿਤੀਸ਼ ਕੁਮਾਰ ਨੇ ਭਾਜਪਾ ਦਾ ਅੰਦਰੂਨੀ ਮੁੱਦਾ ਕਿਹਾ ਹੈ। ਵਰਨਣ ਯੋਗ ਹੈ ਕਿ ਭੋਪਾਲ ਪਾਰਲੀਮੈਂਟ ਸੀਟ ਤੋਂ ਚੋਣ ਲੜ ਰਹੀ ਅੱਤਵਾਦ ਮਾਮਲੇ ਦੀ ਦੋਸ਼ੀ ਸਾਧਵੀ ਪ੍ਰਗਿਆ ਨੇ ਨਾਥੂ ਰਾਮ ਗੌਡਸੇ ਨੂੰ ਦੇਸ਼ ਭਗਤ ਕਿਹਾ ਸੀ। ਨਿਤੀਸ਼ ਕੁਮਾਰ ਨੇ ਮੀਡੀਆ ਨੂੰ ਕਿਹਾ ਕਿ ਲੋਕ ਸਭਾ ਚੋਣਾਂ ਦੇ ਪ੍ਰੋਗਰਾਮ ਵਿੱਚ ਬਦਲਾਅ ਕਰਨ ਦੀ ਲੋੜ ਹੈ।

## ਹਿੰਦੂ ਮਹਾਸਭਾ ਨੇ ਗੌਡਸੇ ਦਾ ਜਨਮ ਦਿਨ ਮਨਾਇਆ



ਗਵਾਲੀਅਰ, 20 ਮਈ (ਪੋਸਟ ਬਿਊਰੋ)- ਹਿੰਦੂ ਮਹਾਸਭਾ ਦੇ ਵਰਕਰਾਂ ਨੇ ਮਹਾਤਮਾ ਗਾਂਧੀ ਦੇ ਕਾਤਲ ਨਾਥੂ ਰਾਮ ਗੌਡਸੇ ਦੇ ਜਨਮਦਿਨ 'ਤੇ ਪ੍ਰੋਗਰਾਮ ਕੀਤਾ ਹੈ। ਗੌਡਸੇ ਦਾ ਜਨਮ 19 ਮਈ 1910 ਨੂੰ ਪੁਣੇ ਜ਼ਿਲੇ ਦੇ ਬਾਰਾਮਤੀ ਵਿੱਚ ਹੋਇਆ ਸੀ। ਓਦੋਂ ਇਹ ਖੇਤਰ ਬੰਬਈ ਪ੍ਰੈਜੀਡੈਂਸੀ ਦਾ ਹਿੱਸਾ ਸੀ।

ਇਸ ਸੰਬੰਧ ਵਿੱਚ ਹਿੰਦੂ ਮਹਾਸਭਾ ਦੇ ਰਾਸ਼ਟਰੀ ਉਪ ਪ੍ਰਧਾਨ ਜੈਵੀਰ ਭਾਰਦਵਾਜ ਨੇ ਦੱਸਿਆ ਕਿ ਦੌਲਤਗੰਜ ਇਲਾਕੇ ਵਿੱਚ ਸੰਗਠਨ ਦੇ ਦਫਤਰ ਵਿੱਚ ਜਨਮਦਿਨ ਮਨਾਇਆ ਗਿਆ ਹੈ। ਗੌਡਸੇ ਨੂੰ 'ਦੇਸ਼ ਭਗਤ' ਦੱਸਦੇ ਹੋਏ ਭਾਰਦਵਾਜ ਨੇ ਕਿਹਾ, 'ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਉਨ੍ਹਾਂ ਦੀ ਤਸਵੀਰ ਦੇ ਸਾਹਮਣੇ ਆਰਤੀ ਉਤਾਰੀ ਅਤੇ ਮਿਠਾਈਆਂ ਵੰਡੀਆਂ।' ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਦੇ ਕਈ ਨੇਤਾ ਗੌਡਸੇ ਨੂੰ ਦੇਸ਼ ਭਗਤ ਮੰਨਦੇ ਹਨ, ਪਰ ਹਾਕਮ ਧਿਰ ਦੇ ਇਕ ਧੜੇ ਨੇ ਉਨ੍ਹਾਂ ਦੀ ਨਿੰਦਾ ਕੀਤੀ ਹੈ। ਇਸ ਤੋਂ ਪਹਿਲਾਂ 15 ਨਵੰਬਰ 2017 ਨੂੰ ਹਿੰਦੂ ਮਹਾਸਭਾ ਨੇ ਗਵਾਲੀਅਰ ਦੇ ਆਪਣੇ ਦਫਤਰ ਵਿੱਚ ਗੌਡਸੇ ਦੀ 32 ਇੰਚ ਦੀ ਮੂਰਤੀ ਲਗਾਈ ਸੀ, ਜਿਸ ਨੂੰ ਪ੍ਰਸ਼ਾਸਨ ਨੇ ਹਟਾ ਦਿੱਤਾ ਸੀ। ਭਾਰਦਵਾਜ ਨੇ ਕਿਹਾ, 'ਜੇ ਜ਼ਿਲਾ ਪ੍ਰਸ਼ਾਸਨ ਨੇ ਇਸ ਸਾਲ 15 ਨਵੰਬਰ ਤੱਕ ਮੂਰਤੀ ਵਾਪਸ ਨਹੀਂ ਕੀਤਾ ਤਾਂ ਮਹਾਸਭਾ ਗਵਾਲੀਅਰ ਦੇ ਆਪਣੇ ਦਫਤਰ ਵਿੱਚ ਦੂਸਰੀ ਮੂਰਤੀ ਲਗਾਏਗੀ।'

## ਕਈ ਕੇਂਦਰੀ ਮੰਤਰੀਆਂ ਨੇ ਬੰਗਲਿਆਂ ਦਾ ਬਕਾਇਆ ਨਹੀਂ ਦਿੱਤਾ

ਨਵੀਂ ਦਿੱਲੀ, 20 ਮਈ (ਪੋਸਟ ਬਿਊਰੋ)- ਕੇਂਦਰੀ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲਾ ਦਾ ਕਹਿਣਾ ਹੈ ਕਿ ਵਿਜੇ ਗੋਇਲ, ਪ੍ਰਕਾਸ਼ ਜਾਵਡੇਕਰ, ਨਿਰਮਲਾ ਸੀਤਾਰਮਨ ਤੇ ਸੁਸ਼ਮਾ ਸਵਰਾਜ ਆਦਿ ਕਈ ਕੇਂਦਰੀ ਮੰਤਰੀਆਂ ਨੇ ਆਪਣੇ ਸਰਕਾਰੀ ਬੰਗਲਿਆਂ ਦੇ ਫਰਵਰੀ ਤੱਕ ਦੇ ਬਕਾਏ ਦਾ ਅਜੇ ਭੁਗਤਾਨ ਨਹੀਂ ਕੀਤਾ।

ਇੱਕ ਆਰ ਟੀ ਆਈ ਦੇ ਜਵਾਬ ਵਿੱ-ਚਮੰਤਰਾਲਾ ਨੇ ਕਿਹਾ ਕਿ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਮੁਖਤਾਰ ਅੱਬਾਸ ਨਕਵੀ ਅਤੇ ਉਤਰ-ਪੂਰਬ ਖੇਤਰ ਦੇ ਵਿਕਾਸ ਰਾਜ ਮੰਤਰੀ ਜਤਿੰਦਰ ਸਿੰਘ ਨੇ ਵੀ ਬੰਗਲਿਆਂ ਦੇ ਬਕਾਏ ਨਹੀਂ ਦਿੱਤੇ। ਮੰਤਰਾਲਾ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਇਹ ਬਕਾਏ ਬੰਗਲਿਆਂ ਵਿੱਚ ਦਿੱਤੇ ਗਏ ਫਰਨੀਚਰ ਅਤੇ ਹੋਰਨਾਂ ਵਸਤਾਂ ਨਾਲ ਸੰਬੰਧਤ ਹਨ। ਇਸ ਸੰਬੰਧ ਵਿੱਚ ਮੰਤਰਾਲੇ ਦਾ ਕਹਿਣਾ ਹੈ ਕਿ ਨਕਵੀ ਅਤੇ ਜਤਿੰਦਰ ਸਿੰਘ ਉੱਤੇ ਇਸ ਮਿਆਦ ਦੌਰਾਨ ਕ੍ਰਮਵਾਰ 1.46 ਲੱਖ ਅਤੇ 3.18 ਲੱਖ ਰੁਪਏ ਬਕਾਇਆ ਹਨ। ਅਜੀਤ ਕੁਮਾਰ ਸਿੰਘ ਵੱਲੋਂ ਦਾਇਰ ਕੀਤੀ ਗਈ ਆਰ ਟੀ ਆਈ 'ਤੇ 26 ਅਪ੍ਰੈਲ ਨੂੰ ਦਿੱਤੇ ਜਵਾਬ ਵਿੱਚ ਉਕਤ ਜਾਣਕਾਰੀ ਦਿੱਤੀ ਗਈ ਹੈ, ਜਿਸ ਮੁਤਾਬਕ ਨਿਰਮਲਾ ਸੀਤਾਰਮਨ 'ਤੇ ਫਰਵਰੀ ਤੱਕ 53276 ਰੁਪਏ ਬਕਾਇਆ ਸਨ। ਜਾਵਡੇਕਰ ਨੇ 86923 ਰੁਪਏ ਦਾ ਭੁਗਤਾਨ ਕਰਨਾ ਹੈ। ਇਸ ਤੋਂ ਇਲਾਵਾ ਪਾਰਲੀਮੈਂਟਰੀ ਮਾਮਲਿਆਂ ਬਾਰੇ ਰਾਜ ਮੰਤਰੀ ਵਿਜੇ ਗੋਇਲ ਨੇ ਤਿੰਨ ਲੱਖ ਰੁਪਏ ਦੇਣੇਹਨ, ਖੇਤੀ ਰਾਜ ਮੰਤਰੀ ਗਜੇਂਦਰ ਸਿੰਘ 'ਤੇ ਫਰਵਰੀ ਤੱਕ 2,88,269 ਰੁਪਏ ਦਾ ਬਕਾਇਆ ਹੈ। ਆਰ ਟੀ ਆਈ ਦੇ ਜਵਾਬ ਵਿੱਚ ਕਿਹਾ ਗਿਆ ਹੈ ਕਿ ਸੁਸ਼ਮਾ ਸਵਰਾਜ ਨੇ 98890 ਰੁਪਏ ਦਾ ਭੁਗਤਾਨ ਕਰਨਾ ਹੈ।

## ਹਿੰਦੂਆਂ ਦੀ ਭਾਵਨਾ ਨੂੰ ਠੇਸ ਲਾਉਣ ਦੇ ਦੋਸ਼ ਵਿੱਚ ਐਮਾਜ਼ੋਨ ਉੱਤੇ ਕੇਸ ਦਰਜ

ਨੋਇਡਾ, 20 ਮਈ (ਪੋਸਟ ਬਿਊਰੋ)- ਹਿੰਦੂ ਦੇਵੀ-ਦੇਵਤਿਆਂ ਦੇ ਨਿਰਾਦਰ ਦੇ ਕੇਸ ਵਿਚਪ੍ਰਸਿੱਧ ਆਨਲਾਈਨ ਸ਼ਾਪਿੰਗ ਕੰਪਨੀ ਐਮਾਜ਼ੋਨ ਦੀਆਂ ਮੁਸ਼ਕਲਾਂ ਵਧੀ ਜਾਂਦੀਆਂ ਹਨ। ਨੋਇਡਾ ਦੇ ਇੱਕ ਵਿਅਕਤੀ ਨੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਬੀਤੇ ਦਿਨੀਂ ਐਮਾਜ਼ੋਨ ਉੱਤੇ ਸ਼ਿਕਾਇਤ ਦਰਜ ਕਰਵਾਈ ਹੈ। ਐਮਾਜ਼ੋਨ ਦੀ ਵੈੱਬਸਾਈਟ ਉਤੇ ਹਿੰਦੂ ਦੇਵੀ-ਦੇਵਤਿਆਂ ਦੀ ਤਸਵੀਰ ਵਾਲੇ ਟਾਈਟਲ ਸੀਟ ਕਵਰ ਅਤੇ ਕਾਲੀਨ ਵਿਕਣ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਲੋਕਾਂ ਵਿੱਚ ਗੁੱਸਾ ਹੈ। ਪੁਲਸ ਕੋਲ ਸ਼ਿਕਾਇਤ ਕਰਨ ਵਾਲੇ ਵਿਕਾਸ ਮਿਸ਼ਰਾ ਦਾ ਕਹਿਣਾ ਹੈ ਕਿ ਐਮਾਜ਼ੋਨ ਨੇ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਠੇਸ ਲਾਈ ਹੈ।

# ਕੇਜਰੀਵਾਲ ਕਹਿੰਦੈ: ਇੰਦਰਾ ਗਾਂਧੀ ਵਾਂਗ ਮੇਰਾ ਵੀ ਕਤਲ ਹੋ ਸਕਦੈ

ਨਵੀਂ ਦਿੱਲੀ, 20 ਮਈ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅਪਣੇ ਕਤਲ ਦਾ ਡਰ ਜ਼ਾਹਰ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਾਂਗ ਦੋ ਮਿੰਟਾਂ ਵਿਚ ਉਨ੍ਹਾਂ ਦੀ ਹੱਤਿਆ ਹੋ ਸਕਦੀ ਹੈ। 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦੇ ਆਪਣੇ ਸੁਰੱਖਿਆ ਗਾਰਡਾਂ ਨੇ ਗੋਲੀ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ ਸੀ।



ਅੱਜ ਇਕ ਨਿਊਜ਼ ਚੈਨਲ ਨੇ ਕੇਜਰੀਵਾਲ ਦੇ ਬਿਆਨ ਦੇ ਹਵਾਲੇ ਨਾਲ ਕਿਹਾ ਹੈ ਕਿ ਉਨ੍ਹਾਂ ਨਾਲ ਲੱਗੇ ਸੁਰੱਖਿਆ ਗਾਰਡ ਭਾਰਤੀ ਜਨਤਾ ਪਾਰਟੀ ਨੂੰ ਰਿਪੋਰਟ ਕਰਦੇ ਹਨ। ਇਸ ਤੋਂ ਬਾਅਦ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਅਪਣੀ ਮੌਤ ਦਾ ਡਰ ਹੈ, ਕਿਉਂਕਿ ਉਨ੍ਹਾਂ ਦੇ ਪੀ ਐਸ ਓ (ਨਿੱਜੀ ਸੁਰੱਖਿਆ ਅਧਿਕਾਰੀ) ਭਾਜਪਾ ਨੂੰ ਰਿਪੋਰਟ ਕਰਦੇ ਹਨ। ਉਨ੍ਹਾਂ ਕਿਹਾ ਕਿ ਸੁਰੱਖਿਆ ਲਈ ਉਨ੍ਹਾਂ ਨਾਲ ਚੱਲਦੇ ਪੁਲਿਸ ਵਾਲੇ ਭਾਜਪਾ ਨੂੰ ਰਿਪੋਰਟ ਕਰਦੇ ਹਨ, ਕੱਲ੍ਹ ਨੂੰ ਉਹ ਇੰਦਰਾ ਗਾਂਧੀ ਵਾਂਗ ਉਸ ਨੂੰ ਵੀ ਖਤਮ ਕਰ ਦੇਣਗੇ।

ਵਰਨਣ ਯੋਗ ਹੈ ਕਿ 4 ਮਈ ਨੂੰ ਦਿੱਲੀ ਦੇ ਮੋਤੀ ਨਗਰ ਵਿਚ ਰੋਡ ਸ਼ੋਅ ਦੌਰਾਨ ਕੇਜਰੀਵਾਲ ਉੱਤੇ ਹਮਲਾ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਵੀ ਕੇਜਰੀਵਾਲ ਆਪਣੀ ਹੱਤਿਆ ਦਾ ਡਰ ਜ਼ਾਹਰ ਕਰ ਚੁਕੇ ਹਨ ਅਤੇ ਓਦੋਂ ਉਨ੍ਹਾਂ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਨ੍ਹਾਂ ਦੀ ਹੱਤਿਆ ਕਰਵਾ ਸਕਦੇ ਹਨ।

# ਜਾਇਦਾਦ ਵੰਡ ਦੇ ਕੇਸ ਵਿੱਚ ਧੀ ਜ਼ਰੂਰੀ ਧਿਰ ਹੋਵੇਗੀ

ਨਵੀਂ ਦਿੱਲੀ, 20 ਮਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਆਪਣੇ ਇੱਕ ਫੈਸਲੇ ਵਿੱਚ ਕਿਹਾ ਹੈ ਕਿ ਮਾਤਾ-ਪਿਤਾ ਦੀ ਜਾਇਦਾਦ ਵਿੱਚ ਬੇਟੀ ਦਾ ਹੱਕ ਹੈ। ਜੇ ਮਾਤਾ-ਪਿਤਾ ਵਸੀਅਤ ਨਹੀਂ ਕਰ ਕੇ ਗਏ ਤਾਂ ਹਿੰਦੂ ਵਿਰਾਸਤ ਕਾਨੂੰਨ ਮੁਤਾਬਕ ਬੇਟੀਆਂ ਵੀ ਪਹਿਲੀ ਸ਼ਰੇਣੀ ਦੀਆਂ ਵਾਰਸ ਮੰਨੀਆਂ ਜਾਂਦੀਆਂ ਹਨ ਅਤੇ ਜਾਇਦਾਦ ਵੰਡ ਦੇ ਮੁਕੱਦਮੇ ਵਿੱਚ ਬੇਟੀ ਜ਼ਰੂਰੀ ਧਿਰ ਹੈ। ਇਸ ਦੇ ਨਾਲ ਕੋਰਟ ਨੇ ਜਾਇਦਾਦ ਵੰਡ ਦੇ ਮੁਕੱਦਮੇ



ਵਿੱਚ ਬੇਟੀ ਦੀ ਧਿਰ ਬਣਨ ਦੀ ਅਰਜ਼ੀ ਰੱਦ ਕਰਨ ਦਾ ਹੇਠਲੀ ਅਦਾਲਤ ਅਤੇ ਇਲਾਹਾਬਾਦ ਹਾਈ ਕੋਰਟ ਦਾ ਫੈਸਲਾ ਰੱਦ ਕਰ ਦਿੱਤਾ ਹੈ।

ਇਹ ਫੈਸਲਾ ਜਸਟਿਸ ਯੂ ਯੂ ਲਲਿਤ ਅਤੇ ਜਸਟਿਸ ਇੰਦੂ ਮਲਹੋਤਰਾ ਦੀ ਬੈਂਚ ਨੇ ਮਾਤਾ-ਪਿਤਾ ਦੀ ਜਾਇਦਾਦ ਉੱਤੇ ਦਾਅਵਾ ਠੋਕਣ ਵਾਲੀ ਭੈਣ ਦੇ ਵਾਰਸਾਂ ਦੀ ਅਰਜ਼ੀ ਸਵੀਕਾਰ ਕਰਦੇ ਹੋਏ ਸੁਣਾਇਆ ਹੈ। ਕੋਰਟ ਨੇ ਬੇਟੀ ਦੇ ਹੱਕ ਦਾ ਦਾਅਵਾ ਮੰਨਦੇ ਹੋਏ ਵਕੀਲ ਡੀ ਕੇ ਗਰਗ ਨੇ ਦਲੀਲਾਂ ਸੁਣ ਕੇ ਕਿਹਾ ਕਿ ਜੇ ਮਾਤਾ-ਪਿਤਾ ਨੇ ਵਸੀਅਤ ਨਹੀਂ ਕੀਤੀ ਅਤੇ ਉਨ੍ਹਾਂ ਦੀ ਮੌਤ ਹੋ ਗਈ ਹੈ ਤਾਂ ਹਿੰਦੂ ਵਿਰਾਸਤ ਕਾਨੂੰਨ ਦੇ ਮੁਤਾਬਕ ਪਹਿਲੀ ਸ਼੍ਰੇਣੀ ਦੇ ਵਾਰਸਾਂ ਵਿੱਚ ਧੀਆਂ ਸ਼ਾਮਲ ਹਨ ਤੇ ਉਨ੍ਹਾਂ ਨੂੰ ਮਾਤਾ-ਪਿਤਾ ਤੋਂ ਮਿਲੀ ਜਾਇਦਾਦ ਵਿੱਚ ਹਿੱਸਾ ਲੈਣ ਦਾ ਪੂਰਾ ਹੱਕ ਹੈ। ਕੋਰਟ ਨੇ ਕਿਹਾ ਕਿ ਇਸ ਤਰ੍ਹਾਂ ਅਰਜ਼ੀਕਰਤਾ ਸ੍ਰੀਕਾਂਤਾ ਜੈਨ ਨੂੰ ਆਪਣੇ ਮਾਤਾ-ਪਿਤਾ ਅੰਬਾ ਪ੍ਰਸਾਦ ਜੈਨ ਅਤੇ ਦੇਵੀ ਜੈਨ ਦੀ ਜਾਇਦਾਦ ਵਿੱਚ ਦਾਅਵਾ ਕਰਨ ਦਾ ਅਧਿਕਾਰ ਹੈ। ਸ੍ਰੀਕਾਂਤਾ ਜੈਨ ਦੀ ਜਾਇਦਾਦ ਵੰਡ ਲਾਗੂ ਕਰਨ ਲਈ ਮਾਇਆ ਪ੍ਰਕਾਸ਼ ਜੈਨ (ਭਰਾ) ਦੇ ਕੇਸ ਦੀ ਜ਼ਰੂਰੀ ਧਿਰ ਹੈ। ਮਾਇਆ ਪ੍ਰਕਾਸ਼ ਜੈਨ ਦੇ ਵਕੀਲ ਨੇ ਭੈਣ ਨੂੰ ਧਿਰ ਬਣਾਉਣ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਮਾਤਾ-ਪਿਤਾ ਵਸੀਅਤ ਕਰ ਗਏ ਹਨ ਅਤੇ ਉਸ ਵਿੱਚ ਜਾਇਦਾਦ ਸਿਰਫ ਪੁੱਤਰਾਂ ਨੂੰ ਦਿੱਤੀ ਹੈ। ਕੋਰਟ ਨੇ ਕਿਹਾ ਕਿ ਦੱਸੀ ਜਾ ਰਹੀ ਵਸੀਅਤ ਅਜੇ ਕੋਰਟ ਵਿੱਚ ਸਾਬਿਤ ਹੋਣੀ ਹੈ। ਜੇ ਵਸੀਅਤ ਸਾਬਿਤ ਨਹੀਂ ਹੋਈ ਤਾਂ ਪਹਿਲੀ ਸ਼੍ਰੇਣੀ ਦੀ ਵਾਰਸ ਹੋਣ ਕਾਰਨ ਬੇਟੀਆਂ ਦਾ ਜਾਇਦਾਦ ਵਿੱਚ ਹਿੱਸਾ ਹੋਵੇਗਾ ਤੇ ਇਸ ਲਈ ਉਸ ਕਾਰਵਾਈ ਵਿੱਚ ਧੀਆਂ ਜ਼ਰੂਰੀ ਧਿਰ ਹੋਣਗੀਆਂ। ਇਹ ਮਾਮਲਾ ਮੇਰਠ ਤੇ ਸਹਾਰਨਪੁਰ ਵਿੱਚ ਜਾਇਦਾਦ ਵੰਡ ਦੀ 1966 ਦੀ ਡਿਕਰੀ ਲਾਗੂ ਕਰਾਉਣ ਨਾਲ ਜੁੜਿਆ ਹੈ।







## ਅਮਰੀਕਾ ਵਿਚ 'ਚ ਸਥਾਨਕ ਸਫਰ ਸਮੇਂ ਪਾਸਪੋਰਟ ਜਾਂ ਗ੍ਰੀਨ ਕਾਰਡ ਹੋਵੇਗਾ ਲਾਜ਼ਮੀ

ਸਿਆਟਲ, 20 ਮਈ (ਪੋਸਟ ਬਿਊਰੋ)- ਅਮਰੀਕਾ ਦੇ ਹੋਮਲੈਂਡ ਸਕਿਓਰਿਟੀ ਵਿਭਾਗ ਸਾਲ 2020 ਵਿੱਚ ਅਮਰੀਕਾ ਵਿੱਚ ਹਵਾਈ ਜਹਾਜ਼ ਅਤੇ ਸੜਕ ਰਾਹੀਂ ਸਰਹੱਦ ਪਾਰ ਕਰਕੇ ਗੁਆਂਢੀ ਦੇਸ਼ ਕੈਨੇਡਾ ਜਾਂ ਮੈਕਸੀਕੋ ਜਾਣ ਸਮੇਂ ਪਾਸਪੋਰਟ ਜਾਂ ਗ੍ਰੀਨ ਕਾਰਡ ਹੋਣਾ ਲਾਜ਼ਮੀ ਕਰਨ ਜਾ ਰਿਹਾ ਹੈ। ਹੋਮਲੈਂਡ ਸਕਿਓਰਿਟੀ ਵਿਭਾਗ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪਹਿਲਾਂ ਆਮ ਲੋਕ ਅਮਰੀਕਾ ਦੀ ਆਮ ਆਈ ਡੀ ਦਿਖਾ ਕੇ ਜਹਾਜ਼ ਵਿੱਚ ਸਫਰ ਕਰ ਸਕਦੇ ਸਨ, ਪਰ ਹੁਣ ਇਕ ਅਕਤੂਬਰ 2020 ਤੋਂ ਸਭ ਤੋਂ ਪਹਿਲਾਂ ਵਾਸ਼ਿੰਗਟਨ ਸਟੇਟ ਵਿੱਚ ਲਾਗੂ ਹੋ ਰਿਹਾ ਹੈ। ਨਵੇਂ ਹੁਕਮ ਅਨੁਸਾਰ ਤੁਸੀਂ ਜਹਾਜ਼ ਵਿੱਚ ਸਫਰ ਕਰਨ ਸਮੇਂ, ਸਰਹੱਦ ਪਾਰ ਕਰਕੇ ਕੈਨੇਡਾ ਜਾਂ ਮੈਕਸੀਕੋ ਜਾਣ ਸਮੇਂ ਜਾਂ ਸਥਾਨਕ ਸਰਕਾਰ ਦੇ ਮਹੱਤਵ ਪੂਰਨ ਮਹਿਕਮੇ ਦੇ ਦਫਤਰ ਜਾਣ ਸਮੇਂ ਤੁਹਾਡੇ ਕੋਲ ਅਮਰੀਕੀ ਪਾਸ-ਪੋਰਟ ਜਾਂ ਗ੍ਰੀਨ ਕਾਰਡ ਹੋਣਾ ਲਾਜ਼ਮੀ ਹੋ ਜਾਵੇਗਾ। ਸੂਤਰਾਂ ਅਨੁਸਾਰ ਇਹ ਸਾਰੇ ਅਮਰੀਕਾ ਵਿੱਚ ਲਾਗੂ ਹੋ ਜਾਵੇਗਾ, ਪਰ ਸਭ ਤੋਂ ਪਹਿਲਾਂ ਵਾਸ਼ਿੰਗਟਨ ਸਟੇਟ ਵਿੱਚ ਇਕ ਅਕਤੂਬਰ 2020 ਤੋਂ ਲਾਗੂ ਹੋ ਜਾਵੇਗਾ।

ਜਾਣਕਾਰ ਸੂਤਰਾਂ ਨੇ ਦੱਸਿਆ ਕਿ ਟਰੰਪ ਪ੍ਰਸ਼ਾਸਨ ਇਹ ਗੱਲ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਬਗੈਰ ਪੇਪਰਾਂ ਵਾਲੇ ਗੈਰ ਕਾਨੂੰਨੀ ਲੋਕਾਂ 'ਤੇ ਸ਼ਿਕੰਜਾ ਪੂਰੀ ਤਰ੍ਹਾਂ ਕੱਸਿਆ ਜਾ ਸਕੇ। ਇਸ ਵੇਲੇ ਆਈ ਡੀ ਜਾਂ ਡਰਾਈਵਿੰਗ ਲਾਈਸੈਂਸ ਦਿਖਾ ਕੇ ਹਵਾਈ ਸਫਰ ਕੀਤਾ ਜਾ ਸਕਦਾ ਹੈ, ਪਰ ਨਵਾਂ ਕਾਨੂੰਨ ਲਾਗੂ ਹੋਣ ਨਾਲ ਪਾਸਪੋਰਟ ਜਾਂ ਗ੍ਰੀਨ ਕਾਰਡ ਨਾਲ ਹੀ ਸਫਰ ਕੀਤਾ ਜਾ ਸਕੇਗਾ।

# ਟਰੰਪ ਦੀ ਪਾਰਟੀ ਦੇ ਐਮ ਪੀ ਨੇ ਟਰੰਪ ਉਤੇ ਮਹਾਦੋਸ਼ ਚਲਾਉਣ ਦੀ ਮੰਗ ਕੀਤੀ



ਵਾਸ਼ਿੰਗਟਨ, 20 ਮਈ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪਾਰਟੀ ਦੇ ਇਕ ਪਾਰਲੀਮੈਂਟ ਮੈਂਬਰ ਨੇ ਹੀ ਟਰੰਪ ਉੱਤੇ ਮਹਾਦੋਸ ਚਲਾਉਣ ਦੀ ਮੰਗ ਕੀਤੀ ਹੈ।

ਮਿਸ਼ੀਗਨ ਤੋਂ ਰਿਪਬਲਿਕਨ ਐਮ ਪੀ ਜਸਟਿਨ ਅਮਾਸ਼ ਦਾ ਕਹਿਣਾ ਹੈ ਕਿ ਟਰੰਪ ਦੇ ਕਈ ਕਦਮ ਏਦਾਂ ਦੇ ਹਨ, ਜਿਸ ਕਾਰਨ ਉਨ੍ਹਾਂ ਦੇ ਮਹਾਦੋਸ਼ ਚੱਲਣਾ ਚਾਹੀਦਾ ਹੈ। ਅਮਾਸ਼ ਨੇ ਰਾਬਰਟ ਮੂਲਰ ਦੀ ਰਿਪੋਰਟ ਨੂੰ ਗਲਤ ਢੰਗ ਨਾਲ ਪੇਸ਼ ਕਰਨ ਲਈ ਅਟਾਰਨੀ ਜਨਰਲ ਵਿਲੀਅਮ ਬਾਰ 'ਤੇ ਵੀ ਦੋਸ਼ ਲਗਇਆ ਹੈ। ਸਾਲ 2016 ਦੀਆਂ ਰਾਸ਼ਟਰਪਤੀ ਚੋਣਾਂ 'ਚ ਡੋਨਾਲਡ ਟਰੰਪ ਤੇ ਰੂਸ ਦੀ ਗੰਢਤੁੱਪ ਦੀ ਜਾਂਚ ਕਰਨ ਵਾਲੇ ਵਿਸ਼ੇਸ਼ ਸਰਕਾਰੀ ਵਕੀਲ ਰਾਬਰਟ ਮੂਲਰ ਨੇ 448 ਸਫਿਆਂ ਦੀ ਰਿਪੋਰਟ ਵਿਲੀਅਮ ਨੂੰ ਸੌਂਪੀ ਸੀ। ਬਾਰ ਨੇ ਉਸ ਰਿਪੋਰਟ ਦਾ ਸਾਰ ਪਾਰਲੀਮੈਂਟ 'ਚ ਪੇਸ਼ ਕੀਤਾ ਸੀ, ਜਿਸ ਦਾ ਹਵਾਲਾ ਦਿੰਦਿਆਂ ਟਰੰਪ ਨੇ ਖੁਦ ਨੂੰ ਦੋਸ਼ ਮੁਕਤ ਦੱਸ ਦਿੱਤਾ ਹੈ। ਵਿਰੋਧੀ ਧਿਰ ਡੈਮੋਕ੍ਰੇਟਿਕ ਪਾਰਟੀ ਦੇ ਆਗੂਆਂ ਦਾ ਕਹਿਣਾ ਹੈ ਕਿ ਮੂਲਰ ਨੇ ਆਪਣੀ ਰਿਪੋਰਟ 'ਚ ਕਈ ਵਾਰ ਟਰੰਪ ਉਤੇ ਜਾਂਚ 'ਚ ਰੁਕਾਵਟ ਪਾਉਣ ਤੇ ਰੂਸ ਤੋਂ ਆਪਣੀ ਵਿਰੋਧੀ ਹਿਲੇਰੀ ਕਲਿੰਟਨ ਖਿਲਾਫ ਜਾਣਕਾਰੀ ਲੈਣ ਦਾ ਜ਼ਿਕਰ ਕੀਤਾ ਹੈ। ਇਸ ਦੇ ਆਧਾਰ ਉੱਤੇ ਟਰੰਪ 'ਤੇ ਮਹਾਦੋਸ਼ ਚਲਾਇਆ ਜਾਣਾ ਚਾਹੀਦਾ ਹੈ। ਟਰੰਪ ਦੇ ਆਲੋਚਕ ਅਮਾਸ਼ਾ ਨੇ ਵੀ ਇਸ ਦੀ ਹਮਾਇਤ ਕੀਤੀ ਹੈ। ਮੰਨਿਆ ਜਾਂਦਾ ਹੈ ਕਿ ਅਮਾਸ਼ਾ 2020 ਦੀਆਂ ਰਾਸ਼ਟਰਪਤੀ ਚੋਣਾਂ 'ਚ ਰਿਪ-ਬਲਿਕਨ ਪਾਰਟੀ ਵਿੱਚ ਟਰੰਪ ਦੀ ਉਮੀਦਵਾਰੀ ਨੂੰ ਚੁਣੌਤੀ ਦੇ ਸਕਦੇ ਹਨ। ਉਨ੍ਹਾਂ ਨੇ ਟਵੀਟ ਕੀਤਾ ਹੈ ਕਿ ਮੈਨੂੰ ਯਕੀਨ ਹੈ ਕਿ ਕੁਝ ਪਾਰਲੀਮੈਂਟ ਮੈਂਬਰਾਂ ਨੇ ਮੂਲਰ ਦੀ ਰਿਪੋਰਟ ਪੜ੍ਹੀ ਹੈ। ਉਸ ਰਿਪੋਰਟ 'ਚ ਕਈ ਅਜਿਹੇ ਹਵਾਲੇ ਦਿੱਤੇ ਗਏ ਹਨ, ਜਿਥੇ ਟਰੰਪ ਨੇ ਨਿਆਂ 'ਚ ਰੁਕਾਵਟ ਪਾਈ ਹੈ। ਜੇ ਟਰੰਪ ਦੇਸ਼ ਦੇ ਰਾਸ਼ਟਰਪਤੀ ਨਾ ਹੁੰਦੇ ਤਾਂ ਉਨ੍ਹਾਂ ਨੂੰ ਦੋਸ਼ੀ ਸਾਬਤ ਕਰਨ ਲਈ ਏਨੇ ਸਬੂਤ ਕਾਫੀ ਹੁੰਦੇ।

## ਦੇਵਤਿਆਂ ਦੀ ਤਸਵੀਰ ਵਾਲੇ ਬਾਥ ਮੈਟ ਵੇਚਣ ਕਾਰਨ ਅਮਰੀਕੀ ਕੰਪਨੀ ਚਰਚਾ ਵਿੱਚ ਘਿਰੀ




ਵਾਸ਼ਿੰਗਟਨ, 20 ਮਈ (ਪੋਸਟ ਬਿਊਰੋ)- ਬਾਥਰੂਮ 'ਚ ਵਰਤਣ ਵਾਲੇ ਹਿੰਦੂ ਦੇਵੀ ਦੇਵਤਿਆਂ ਦੀ ਤਸਵੀਰ ਵਾਲੇ ਬਾਥ ਮੈਟ ਤੇ ਹੋਰ ਸਾਮਾਨ ਵੇਚਣ ਲਈ ਅਮਰੀਕੀ ਈ-ਕਾਮਰਸ ਕੰਪਨੀ ਵੇਫੇਅਰ ਨੂੰ ਲੋਕਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਿੰਦੂਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਕਈ ਵਰਕਰ ਗਰੁੱਪਾਂ ਨੇ ਕੰਪਨੀ ਦੀ ਆਲੋਚਨਾ ਕੀਤੀ ਹੈ ਅਤੇ ਇਹ ਮਾਮਲਾ ਲਗਾਤਾਰ ਭਖਦਾ ਜਾ ਰਿਹਾ ਹੈ।

ਘਰੇਲੂ ਸਾਮਾਨ ਵੇਚਣ ਵਾਲੀ ਇਹ ਕੰਪਨੀ ਨਾ ਸਿਰਫ ਭਗਵਾਨ ਗਣੇਸ਼, ਬਲਕਿ ਭਗਵਾਨ ਸ਼ਿਵ ਦੀ ਤਸਵੀਰ ਦੇ ਬਾਥਰੂਮ ਮੈਟ ਵੀ ਵੇਚ ਰਹੀ ਹੈ, ਜਿਨ੍ਹਾਂ ਦੀ ਕੀਮਤ 38 ਡਾਲਰ ਹੈ। ਇਸ ਤਰ੍ਹਾਂ ਦੇ ਸਾਮਾਨ ਵੇਚਣ ਲਈ ਪਹਿਲਾਂ ਵੀ ਵੇਫੇਅਰ ਖਿਲਾਫ ਸ਼ਿਕਾਇਤ ਕੀਤੀ ਗਈ ਹੈ। ਪਿਛਲੇ ਸਾਲ ਭਗਵਾਨ ਗਣੇਸ਼ ਦੀ ਤਸਵੀਰ ਵਾਲੇ ਚੌਪਿੰਗ ਬੋਰਡ (ਸਬਜ਼ੀ ਕੱਟਣ ਲਈ ਵਰਤਣ ਵਾਲਾ ਬੋਰਡ) ਵੇਚਣ ਲਈ ਵੀ ਇਹ ਕੰਪਨੀ ਵਿਵਾਦਾਂ ਵਿੱਚ ਘਿਰੀ ਸੀ। ਹਿੰਦੂ ਵਰਕਰਾਂ ਦੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਕੰਪਨੀ ਨੂੰ ਇਸ ਚੌਪਿੰਗ ਬੋਰਡ ਨੂੰ ਆਪਣੇ ਪਲੇਟਫਾਰਮ ਤੋਂ ਹਟਾਉਣ ਦੇ ਨਾਲ ਮਾਫੀ ਮੰਗਣੀ ਪਈ ਸੀ। ਪਿਛਲੇ ਹਫਤੇ ਭਗਵਾਨ ਗਣੇਸ਼ ਦੀ ਤਸਵੀਰ ਵਾਲੇ ਗਲੀਚੇ ਤੇ ਟਾਇਲਟ ਕਵਰ ਵੇਚਣ ਲਈ ਦਿੱਗਜ ਈ-ਸ਼ਾਪਿੰਗ ਕੰਪਨੀ ਐਮਾਜ਼ੋਨ ਵੀ ਵਿਵਾਦਾਂ 'ਚ ਹੈ। ਇਸ ਬਾਰੇ ਕੰਪਨੀ ਤੋਂ ਮਾਫੀ ਮੰਗਵਾਉਣ ਲਈ ਪਟੀਸ਼ਨ ਦਾਇਰ ਕੀਤੀ ਗਈ ਹੈ, ਜਿਸ 'ਤੇ ਹਾਲੇ ਤੱਕ ਦੁਨੀਆ ਭਰ ਦੇ ਇਕ ਲੱਖ 56 ਹਜ਼ਾਰ ਲੋਕਾਂ ਨੇ ਹਸਤਾਖਰ ਕੀਤੇ ਹਨ। ਸਾਲ 2014 'ਚ ਭਗਵਾਨ ਗਣੇਸ਼ ਦੀ ਤਸਵੀਰ ਵਾਲੀ ਪੈਂਟ ਵੇਚਣ ਲਈ ਵੀ ਐਮਾਜ਼ੋਨ ਦਾ ਕਾਫੀ ਵਿਰੋਧ ਹੋਇਆ ਸੀ।

## ਅਮਰੀਕਾ ਵਿੱਚ ਹਾਦਸੇ ਦੌਰਾਨ ਦੋ ਸਿੱਖ ਨੌਜਵਾਨਾਂ ਦੀ ਮੌਤ



ਵਾਸ਼ਿੰਗਟਨ, 20 ਮਈ (ਪੋਸਟ ਬਿਊਰੋ)- ਅਮਰੀਕੀ ਰਾਜ ਇੰਡਿਆਨਾ-ਪੋਲਿਸ ਵਿੱਚ ਤੇਜ਼ ਰਫਤਾਰ ਐਸ ਯੂ ਵੀ ਦੇ ਰੁੱਖ ਨਾਲ ਟਕਰਾਉਣ ਨਾਲ ਭਾਰਤੀ ਮੂਲ ਦੇ ਦੋ ਅਮਰੀਕੀ ਸਿੱਖ ਨੌਜਵਾਨਾਂ ਦੀ ਮੌਤ ਹੋ ਗਈ ਤੇ ਇਕ ਨੌਜਵਾਨ ਜ਼ਖਮੀ ਹੋ ਗਿਆ। ਮ੍ਰਿਤਕਾਂ ਦੀ ਪਛਾਣ ਵਰੁਣਦੀਪ ਸਿੰਘ ਬੜਿੰਗ (19) ਅਤੇ ਦਵਨੀਤ ਸਿੰਘ ਚਾਹਲ (22) ਵਜੋਂ ਹੋਈ ਹੈ ਤੇ ਦੋਵੇਂ ਇੰਡਿਆਨਾਪੋਲਿਸ ਨਜ਼ਦੀਕ ਨੀਮ ਸ਼ਹਿਰੀ ਫਿਸ਼ਰਜ਼ ਸਿਟੀ ਦੇ ਵਸਨੀਕ ਸਨ। ਜਦੋਂ ਹਾਦਸਾ ਵਾਪ-ਰਆ, ਐਸ ਯੂ ਵੀ ਨੂੰ ਦਵਨੀਤ ਚਲਾ ਰਿਹਾ ਸੀ। ਪੁਲਸ ਨੇ ਦੱਸਿਆ ਕਿ ਦਵਨੀਤ ਨੇ ਵਾਹਨ ਚਲਾਉਣ ਮੌਕੇ ਸੀਟ ਬੈਲਟ ਨਹੀਂ ਲਾਈ ਹੋਈ ਸੀ। ਹਾਦਸੇ ਵਿੱਚ ਜ਼ਖਮੀ ਹੋਏ ਨੌਜਵਾਨ ਗੁਰਜੋਤ ਸਿੰਘ ਸੰਧੂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

# ਦਸਤਾਰ ਦੇ ਇਸ਼ਤਿਹਾਰ ਬਾਰੇ ਅਮਰੀਕੀ ਕੰਪਨੀ ਨੇ ਸਿੱਖਾਂ ਕੋਲੋਂ ਮੁਆਫੀ ਮੰਗੀ




ਫੀਨਿਕਸ, 20 ਮਈ (ਪੋਸਟ ਬਿਊਰੋ)- ਅਮਰੀਕੀ ਕੰਪਨੀ ਨਾਰਦਸਟ੍ਰਾਮ ਨੇ ਦਸਤਾਰਾਂ ਨਾਲ ਜੁੜੇ ਆਪਣੇ ਇਸ਼ਤਿਹਾਰ ਨੂੰ ਲੈ ਕੇ ਸਿੱਖ ਭਾਈਚਾਰੇ ਤੋਂ ਮੁਆਫੀ ਮੰਗੀ ਹੈ। ਅਮਰੀਕਾ 'ਚ ਸਿੱਖ ਭਾਈਚਾਰੇ ਦੇ ਨਾਗਰਿਕ ਅਧਿਕਾਰ ਸੰਗਠਨ ਦੇ ਇਕ ਚੋਟੀ ਦੇ ਪ੍ਰਤੀਨਿਧੀ ਨੇ ਬੀਤੇ ਦਿਨੀਂ ਕਿਹਾ ਹੈ ਕਿ ਹਾਲੇ ਤੱਕ ਵੀ ਇਨ੍ਹਾਂ ਦਸਤਾਰਾਂ ਨੂੰ ਤਿਆਰ ਕਰਨ ਵਾਲੀ ਕੰਪਨੀ 'ਗੁੱਚੀ' ਦੀ ਪ੍ਰਤੀਕਿਰਿਆ ਦਾ ਇੰਤਜ਼ਾਰ ਕਰ ਰਹੇ ਹਾਂ।

ਨਿਊਯਾਰਕ ਦੇ ਇਕ ਸਿੱਖ ਸੰਗਠਨ ਦੇ ਸੀਨੀਅਰ ਆਗੂ ਸਿਮਰਨਜੀਤ ਸਿੰਘ ਨੇ ਕਿਹਾ ਹੈ ਕਿ ਦੁਨੀਆ ਭਰ ਦੇ ਲੋਕਾਂ ਨੂੰ ਪਿਆਰੀਆਂ ਤੇ ਪਵਿੱਤਰ ਵਸਤੂਆਂ ਨੂੰ ਕੰਪਨੀਆਂ ਉਪਭੋਗ ਵਸਤੂਆਂ ਦੇ ਰੂਪ 'ਚ ਪੇਸ਼ ਕਰਕੇ ਪੈਸਾ ਬਣਾ ਰਹੀਆਂ ਹਨ। ਉਨ੍ਹਾਂ ਨੇ ਕਿਹਾ ਹੈ ਕਿ ਦਸਤਾਰ ਉਨ੍ਹਾਂ ਦੇ ਭਾਈਚਾਰੇ ਦੇ ਲੋਕਾਂ ਲਈ ਡੂੰਘੀ ਸ਼ਰਧਾ ਦਾ ਵਿਸ਼ਾ ਹੈ। ਵਰਨਣ ਯੋਗ ਹੈ ਕਿ ਨਾਰਦਸਟ੍ਰਾਮ ਦੀ ਵੈਬਸਾਈਟ 'ਤੇ 15 ਮਈ ਨੂੰ ਦਸਤਾਰ ਦਾ ਇਕ ਇਸ਼ਤਿਹਾਰ ਦਿੱਤਾ ਗਿਆ ਸੀ। ਇਸ ਦੇ ਵੇਰਵੇ ਵਿੱਚ ਲਿਖਿਆ ਸੀ ਕਿ ਸ਼ਾਨਦਾਰ ਢੰਗ ਨਾਲ ਤਿਆਰ ਦਸਤਾਰ, ਸਿਰ ਉੱਤੇ ਸਜਾਉਣ ਲਈ ਤਿਆਰ ਹੈ। ਇਹ ਤੁਹਾਨੂੰ ਆਰਾਮ ਪ੍ਰਦਾਨ ਕਰੇਗੀ। ਇਹ 18 ਮਈ ਨੂੰ ਨਾਰਦਸਟ੍ਰਾਮ ਵੈਬਸਾਈਟ ਉਤੇ ਇਹ ਵਿੱਕਰੀ ਲਈ ਉਪਲਬਧ ਨਹੀਂ ਸੀ। ਬਿਨਾਂ ਤਸਵੀਰ ਦੇ ਇਸ ਸੋਲਡ ਆਊਟ (ਵਿਕ ਚੁੱਕੀ) ਦੇ ਵਰਗ ਵਿੱਚ ਪੇਸ਼ ਕਰਦੇ ਹੋਏ ਵੈਬਸਾਈਟ 'ਤੇ ਇਸ ਦਾ ਵੇਰਵਾ ਗੁੱਚੀ ਦੇ 'ਸਿਰ ਢੱਕਣ ਵਾਲੀ' ਚੀਜ਼ ਦੇ ਤੌਰ 'ਤੇ ਦਿੱਤਾ ਗਿਆ ਸੀ। ਇਸ ਇਸ਼ਤਿਹਾਰ 'ਤੇ ਸਿੱਖ ਭਾਈਚਾਰੇ ਨੇ ਇਤਰਾਜ਼ ਕੀਤਾ ਸੀ, ਜਿਸ ਦੇ ਬਾਅਦ ਨਾਰਦਸਟ੍ਰਾਮ ਨੇ ਮੁਆਫੀ ਮੰਗੀ ਹੈ। ਨਾਰਦਸਟ੍ਰਾਮ ਨੇ ਟਵੀਟ ਕੀਤਾ ਕਿ ਅਸੀਂ ਇਸ ਉਤਪਾਦ ਨੂੰ ਰੋਕਣ ਦਾ ਫੈਸਲਾ ਕੀਤਾ ਹੈ ਤੇ ਇਸ ਨੂੰ ਸਾਈਟ ਤੋਂ ਹਟਾ ਦਿੱਤਾ ਹੈ। ਧਾਰਮਿਕ ਤੇ ਸੱਭਿਆਚਾਰਕ ਪ੍ਰਤੀਕਾਂ ਦਾ ਅਪਮਾਨ ਕਰਨਾ ਸਾਡੀ ਨੀਯਤ ਨਹੀਂ ਸੀ। ਅਸੀਂ ਉਸ ਹਰ ਵਿਅਕਤੀ ਜਿਸ ਨੂੰ ਠੇਸ ਪਹੁੰਚੀ ਹੈ, ਤੋਂ ਮੁਆਫੀ ਮੰਗਦੇ ਹਾਂ।

# ਯੂ ਕੇ ਵਿੱਚ ਘਾਤਕ ਹਥਿਆਰਾਂ ਦੇ ਨਵੇਂ ਐਕਟ ਤੋਂ ਕ੍ਰਿਪਾਨ ਬਾਹਰ ਰੱਖੀ ਗਈ



ਲੰਡਨ, 20 ਮਈ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਚਾਕੂ ਨਾਲ ਹਮਲਿਆਂ ਦੇ ਵਧਦੇ ਕੇਸਾਂ ਨਾਲ ਨਜਿੱਠਣ ਦੇ ਉਦੇਸ਼ ਨਾਲ ਨਵਾਂ ਘਾਤਕ ਹਥਿਆਰ ਬਿੱਲ ਪਾਰਲੀਮੈਂਟ ਵਿੱਚ ਪਾਸ ਹੋ ਗਿਆ ਹੈ। ਮਹਾਰਾਣੀ ਐਲਿਜ਼ਾਬੈਥ ਵੱਲੋਂ ਇਸ ਹਫਤੇ ਬਿੱਲ 'ਤੇ ਮੋਹਰ ਲਾਏ ਜਾਣ ਮਗਰੋਂ ਇਹ ਐਕਟ ਹੋਂਦ ਵਿੱਚ ਆ ਗਿਆ ਹੈ। ਬਿੱਲ ਵਿੱਚ ਪਿਛਲੇ ਵਰ੍ਹੇ ਸੋਧ ਕੀਤੀ ਗਈ ਸੀ ਤਾਂ ਜੋ ਬ੍ਰਿਟਿਸ਼ ਸਿੱਖ ਭਾਈਚਾਰੇ 'ਤੇ ਇਸ ਦਾ ਕੋਈ ਅਸਰ ਨਾ ਪਏ।

ਗ੍ਰਹਿ ਮੰਤਰਾਲੇ ਦੇ ਬੁਲਾਰੇ ਨੇ ਕਿਹਾ, ਅਸੀਂ ਕ੍ਰਿਪਾਨ ਮੁੱਦੇ ਉੱਤੇ ਸਿੱਖਾਂ ਨਾਲ ਸੰਪਰਕ ਬਣਾ ਰੱਖਿਆ ਹੈ। ਨਤੀਜੇ ਵਜੋਂ ਅਸੀਂ ਬਿੱਲ ਵਿੱਚ ਸੋਧ ਕਰ ਕੇ ਇਹ ਯਕੀਨੀ ਬਣਾਇਆ ਕਿ ਸਿੱਖ ਧਾਰਮਿਕ ਸਮਾਗਮਾਂ ਲਈ ਵੱਡੀਆਂ ਕ੍ਰਿਪਾਨਾਂ ਦੀ ਵਰਤੋਂ ਕਰ ਸਕਣ ਅਤੇ ਉਨ੍ਹਾਂ ਦੀ ਵਿਕਰੀ ਹੋ ਸਕੇ। ਬ੍ਰਿਟਿਸ਼ ਸਿੱਖਾਂ ਲਈ ਸਰਬ ਪਾਰਟੀ ਪਾਰਲੀਮੈਂਟ ਗਰੁੱਪ ਦੇ ਵਫਦ ਨੇ ਗ੍ਰਹਿ ਮੰਤਰਾਲੇ ਕੋਲ ਪਹੁੰਚ ਕਰ ਕੇ ਮੰਗ ਕੀਤੀ ਸੀ ਕਿ ਜਦੋਂ ਨਵਾਂ ਬਿੱਲ ਹੋਂਦ ਵਿੱਚ ਆਵੇ ਤਾਂ ਕ੍ਰਿਪਾਨ ਨੂੰ ਉਸ ਦੇ ਘੇਰੇ ਤੋਂ ਬਾਹਰ ਰੱਖਿਆ ਜਾਵੇ। ਗਰੁੱਪ ਦੀ ਮੁਖੀ ਲੇਬਰ ਪਾਰਲੀਮੈਂਟ ਮੈਂਬਰ ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਉਸ ਨੂੰ ਸਰਕਾਰ ਵੱਲੋਂ ਕੀਤੀ ਸੋਧ ਨੂੰ ਦੇਖ ਕੇ ਖੁਸ਼ੀ ਹੋਈ ਹੈ ਜਿਸ ਵਿੱਚ ਸਿੱਖਾਂ ਵੱਲੋਂ ਵੱਡੀਆਂ ਕ੍ਰਿਪਾਨਾਂ ਦੀ ਵਿਕਰੀ ਜਾਂ ਉਸ ਨੂੰ ਕੋਲ ਰੱਖਣਾ ਕੋਈ ਜੁਰਮ ਨਹੀਂ ਕਿਹਾ ਗਿਆ। ਸਿੱਖ ਪਾਰਲੀਮੈਂਟ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਹਾਊਸ ਆਫ ਕਾਮਨਜ਼ 'ਚ ਘਾਤਕ ਹਥਿਆਰਾਂ ਬਾਰੇ ਬਿੱਲ 'ਤੇ ਬਹਿਸ ਦੌਰਾਨ ਕ੍ਰਿਪਾਨ ਰੱਖਣ ਦਾ ਭਰੋਸਾ ਮੰਗ ਕੇ ਕਿਹਾ ਸੀ ਕਿ ਇਹ ਸਿੱਖਾਂ ਲਈ ਸੰਜੀਦਾ ਧਾਰਮਿਕ ਮਾਮਲਾ ਹੈ। ਯੂ ਕੇ ਦੇ ਗ੍ਰਹਿ ਮੰਤਰੀ ਸਾਜਿਦ ਜਾਵਿਦ ਨੇ ਕਿਹਾ ਕਿ ਇਹ ਨਵੇਂ ਕਾਨੂੰਨ ਪੁਲਸ ਨੂੰ ਵਾਧੂ ਤਾਕਤਾਂ ਦੇਣਗੇ ਤਾਂ ਜੋ ਖਤਰਨਾਕ ਹਥਿਆਰਾਂ ਨੂੰ ਜ਼ਬਤ ਕੀਤਾ ਜਾ ਸਕੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਛੁਰੇ ਮਾਰਨ ਦੀਆਂ ਵਾਰਦਾਤਾਂ ਸੜਕਾਂ 'ਤੇ ਘੱਟ ਹੋਣ। ਐਕਟ ਵਿੱਚ ਚਾਕੂ ਅਪਰਾਧ ਰੋਕੂ ਧਰਮ ਵੀ ਸ਼ਾਮਲ ਹੋਵੇਗਾ ਜਿਸ ਲਈ ਪੁਲਸ ਨੇ ਤਾਕਤ ਮੰਗੀ ਸੀ। ਵਰਨਣ ਯੋਗ ਹੈ ਕਿ ਵੱਡੀਆਂ ਕਿਰਪਾਨਾਂ, ਜਿਨ੍ਹਾਂ ਦਾ ਬਲੇਡ 50 ਸੈਂਟੀਮੀਟਰ ਤੋਂ ਵੱਧ ਹੁੰਦਾ ਹੈ, ਦੀ ਵਰਤੋਂ ਗੁਰਦੁਆਰਿਆਂ ਵਿੱਚ ਧਾਰਮਿਕ ਸਮਾਗਮਾਂ ਅਤੇ

## ਬੋਇੰਗ ਨੇ ਮੈਕਸ ਜਹਾਜ਼ਾਂ ਦੇ ਸਿਮੂਲੇਟਰ ਸਾਫਟਵੇਅਰ ਦੀ ਗੜਬੜੀ ਮੰਨੀ

ਨਿਊਯਾਰਕ, 20 ਮਈ, (ਪੋਸਟ ਬਿਊਰੋ)- ਹਵਾਈ ਜਹਾਜ਼ ਬਣਾਉਣ ਵਾਲੀ ਅਮਰੀਕੀ ਕੰਪਨੀ ਬੋਇੰਗ ਨੇ 737 ਮੈਕਸ ਜਹਾਜ਼ ਦੇ ਫਲਾਈਟ ਸਿਮੂਲੇਟਰ ਸਾਫਟਵੇਅਰ ਦੀ ਗੜਬੜੀ ਮੰਨ ਲਈ ਹੈ। ਇੰਡੋਨੇਸ਼ੀਆ ਤੇ ਇਥੋਪੀਆ ਏਅਰਲਾਈਨਜ਼ ਦੇ ਜਹਾਜ਼ਾਂ ਦੇ ਹਾਦਸੇ ਹੋਣ ਤੋਂ ਬਾਅਦ ਬੋਇੰਗ ਨੂੰ ਆਪਣੇ ਮੈਕਸ ਜਹਾਜ਼ਾਂ ਦੇ ਡਿਜ਼ਾਈਨ ਵਿੱਚ ਕੁਤਾਹੀ ਵਰਤਣ ਕਾਰਨ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਪਹਿਲੀ ਵਾਰ ਹੈ, ਜਦੋਂ ਬੋਇੰਗ ਕੰਪਨੀ ਨੇ ਆਪਣੇ ਕਿਸੇ ਸਾਫਟਵੇਅਰ ਵਿੱਚ ਖਾਮੀ ਦੀ ਗੱਲ ਮੰਨੀ ਹੈ। ਉਨ੍ਹਾਂ ਦੇ ਬਣਾਏ ਦੋਵਾਂ ਜਹਾਜ਼ ਉਡਾਣ ਭਰਨ ਦੇ ਕੁਝ ਮਿੰਟ ਬਾਅਦ ਹਾਦਸੇ ਦਾ ਸ਼ਿਕਾਰ ਹੋ ਗਏ ਸਨ, ਜਿਸ ਨਾਲ 346 ਯਾਤਰੀਆਂ ਦੀ ਮੌਤ ਹੋ ਗਈ ਸੀ।

ਇਸ ਸੰਬੰਧ ਵਿੱਚ ਬੋਇੰਗ ਕੰਪਨੀ ਦੇ ਬੁਲਾਰੇ ਗਾਰਡਨ ਜੌਂਡਰੋ ਨੇ ਕਿਹਾ ਕਿ '737 ਮੈਕਸ ਜਹਾਜ਼ ਦੇ ਸਿਮੂਲੇਟਰ ਸਾਫਟਵੇਅਰ ਦਾ ਸੁਧਾਰ ਕੀਤਾ ਗਿਆ ਤੇ ਡਿਵਾਈਸ ਆਪਰੇਟਰ ਨੂੰ ਵੀ ਇਸ ਬਾਰੇ ਸੂਚਨਾਵਾਂ ਦਿੱਤੀਆਂ ਜਾ ਰਹੀਆਂ ਹਨ। ਇਸ ਨਾਲ ਸਿਮੂਲੇਟਰ ਵਿੱਚ ਸਿਖਲਾਈ ਵੇਲੇ ਪਾਇਲਟ ਉਨ੍ਹਾਂ ਸਾਰੇ ਹਾਲਾਤ ਅਨੁਭਵ ਕਰ ਸਕਣਗੇ, ਜੋ ਉਡਾਣ ਦੇ ਸਮੇਂ ਉਨ੍ਹਾਂ ਸਾਹਮਣੇ ਆ ਸਕਦੇ ਹਨ।' ਫਲਾਈਟ ਸਿਮੂਲੇਟਰ ਉਹ ਡਿਵਾਈਸ ਹੈ, ਜਿਸ ਦੀ ਵਰਤੋਂ ਪਾਇਲਟ ਨੂੰ ਸਿਖਲਾਈ ਦੇਣ ਲਈ ਕੀਤੀ ਜਾਂਦੀ ਹੈ। ਬੋਇੰਗ ਕੰਪਨੀ ਨੇ ਇਹ ਨਹੀਂ ਦੱਸਿਆ ਕਿ ਉਸ ਨੂੰ ਆਪਣੇ ਸਿਮੂਲੇਟਰ ਵਿੱਚ ਗੜਬੜ ਕਦੋਂ ਪਤਾ ਲੱਗੀ ਸੀ? ਕੰਪਨੀ ਕਈ ਵਾਰ ਕਹਿ ਚੁੱਕੀ ਹੈ ਕਿ 737 ਮੈਕਸ ਜਹਾਜ਼ ਦੇ ਪਾਇਲਟ ਨੂੰ ਸਿਮੂਲੇਟਰ ਟ੍ਰੇਨਿੰਗ ਦੀ ਲੋੜ ਨਹੀਂ। ਅਮਰੀਕੀ ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ ਦੀ ਵੀ ਇਸ ਬਾਰੇ ਸਹਿਮਤੀ ਸੀ। ਬੋਇੰਗ ਨੇ ਆਪਣੇ ਲਾਭ ਦੇ ਲਈ ਇਸ ਟ੍ਰੇਨਿੰਗ ਨੂੰ ਗ਼ੈਰ ਜ਼ਰੂਰੀ ਦੱਸਿਆ ਸੀ, ਕਿਉਂਕਿ ਫਲਾਈਟ ਸਿਮੂਲੇਟਰ ਦੀ ਸਾਂਭ ਸੰਭਾਲ ਲਈ ਏਅਰਲਾਈਨਜ਼ ਨੂੰ ਲੱਖਾਂ ਡਾਲਰ ਦਾ ਖ਼ਰਚ ਕਰਨਾ ਪੈਂਦਾ ਹੈ।

ਵਰਨਣ ਯੋਗ ਹੈ ਕਿ ਇਥੋਪੀਆ ਏਅਰਲਾਈਨਜ਼ ਦੇ ਹਵਾਈ ਹਾਦਸੇ ਪਿੱਛੋਂ ਬੋਇੰਗ ਨੂੰ ਆਪਣੇ ਸਾਰੇ 737 ਮੈਕਸ ਜਹਾਜ਼ ਸਰਵਿਸ ਤੋਂ ਹਟਾਉਣੇ ਪਏ ਸਨ ਅਤੇ ਇਸ ਨਾਲ ਉਸ ਨੂੰ ਅਰਬਾਂ ਦਾ ਘਾਟਾ ਹੋਇਆ ਹੈ। ਬੀਤੇ ਵੀਰਵਾਰ ਬੋਇੰਗ ਨੇ 737 ਮੈਕਸ ਜਹਾਜ਼ਾਂ ਦੇ ਸਾਫਟਵੇਅਰ ਦੀਆਂ ਕਮੀਆਂ ਸੁਧਾਰਨ ਦਾ ਦਾਅਵਾ ਕੀਤਾ ਸੀ।

## ਆਨਲਾਈਨ ਖਰੀਦਦਾਰੀ ਨੂੰ ਟਰੈਕ ਕਰ ਰਿਹੈ ਗੂਗਲ

ਸਾਨ ਫਰਾਂਸਿਸਕੋ, 20 ਮਈ (ਪੋਸਟ ਬਿਊਰੋ)- ਆਮ ਲੋਕ ਜਿੰਨੀ ਵੀ ਆਨਲਾਈਨ ਖਰੀਦਦਾਰੀ ਕਰਦੇ ਹੋਣਗੇ, ਗੂਗਲ ਕੰਪਨੀ ਚੁੱਪਚਾਪ ਉਸ ਦਾ ਰਿਕਾਰਡ ਰੱਖਦੀ ਹੈ। ਇਸ ਦਾ ਕਾਰਨ ਹੈ ਕਿ ਲੋਕ ਜਿਹੜੀ ਖਰੀਦਦਾਰੀ ਕਰਦੇ ਹਨ, ਉਸ ਦੀ ਰਸੀਦ ਉਨ੍ਹਾਂ ਨੂੰ ਤੁਹਾਡੇ ਪਰਸਨਲ ਜੀ-ਮੇਲ ਅਕਾਊਂਟ ਵਿੱਚ ਪਹੁੰਚ ਜਾਂਦੀ ਹੈ।

ਸੀ ਐੱਨ ਬੀ ਸੀ ਨੇ ਆਪਣੀ ਰਿਪੋਰਟ ਵਿੱਚ ਕੱਲ੍ਹ ਕਿਹਾ ਕਿ ਜੀ-ਮੇਲ ਉੱਤੇ ਇਹ ਸੂਚਨਾ ਯੂਜ਼ਰ ਨੂੰ ਇੱਕ ਨਿੱਜੀ ਵੈੱਬਸ ਟੂਲ ਰਾਹੀਂ ਦਿੱਤੀ ਜਾਂਦੀ ਹੈ। ਇਸ ਟੂਲ ਲਈ ਕੰਪਨੀ ਦਾ ਦਾਅਵਾ ਹੈ ਕਿ ਉਹ ਤੁਹਾਡਾ ਡਾਟਾ ਆਪਣੇ ਤੱਕ ਹੀ ਰੱਖਦੀ ਹੈ। ਇਸ ਸੂਚਨਾ ਨੂੰ ਉਹ ਨਿੱਜੀ ਇਸ਼ਤਿਹਾਰ ਦਿਖਾਉਣ ਲਈ ਟ੍ਰੈਕਿੰਗ 'ਚ ਇਸਤੇਮਾਲ ਨਹੀਂ ਕਰਦੀ। 2017 'ਚ ਟੈਕ ਜਾਇੰਟ ਕੰਪਨੀ ਗੂਗਲ ਨੇ ਵਾਅਦਾ ਕੀਤਾ ਸੀ ਕਿ ਉਹ ਅੱਗੇ ਤੋਂ ਜੀ-ਮੇਲ ਰਾਹੀਂ ਮਿਲੇ ਡਾਟਾ ਨੂੰ ਨਿੱਜੀ ਇਸ਼ਤਿਹਾਰ ਦਿਖਾਉਣ ਲਈ ਵਰਤਣਾ ਬੰਦ ਕਰ ਦੇਵੇਗੀ, ਪਰ ਪਿੱਛੋਂ ਗੂਗਲ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਕਿ ਉਹ ਲੋਕਾਂ ਦੀ ਖਰੀਦਦਾਰੀ, ਬੁਕਿੰਗ ਅਤੇ ਸਬਕ੍ਰਿਪਸਨ ਨੂੰ ਟ੍ਰੈਕ ਕਰਨ ਦੀ ਸਹੂਲਤ ਦੇਣ ਲਈ ਇਸ ਨੂੰ ਇੱਕ ਨਿੱਜੀ ਜਗ੍ਹਾ ਸੁਰੱਖਿਅਤ ਰੱਖਦਾ ਹੈ ਜਿੱਥੇ ਸਿਰਫ ਲੋਕ ਖੁਦ ਉਸ ਨੂੰ ਦੇਖ ਸਕਦੇ ਹਨ ਅਤੇ ਇਸ ਜਾਣਕਾਰੀ ਨੂੰ ਕਦੇ ਵੀ ਡਿਲੀਟ ਕਰ ਸਕਦੇ ਹਨ। ਇਸ ਦੇ ਨਾਲ ਗੂਗਲ ਨੇ ਦੁਹਰਾਇਆ ਕਿ ਅਸੀਂ ਲੋਕਾਂ ਦੇ ਜੀ-ਮੇਲ ਸੰਦੇਸ਼ ਨਾਲ ਮਿਲੀ ਕਿਸੇ ਵੀ ਸੂਚਨਾ ਨੂੰ ਇਸ਼ਤਿਹਾਰ ਦਿਖਾਉਣ 'ਚ ਨਹੀਂ ਵਰਤਦੇ। ਇਸ ਵਿੱਚ ਈ-ਮੇਲ ਤੋਂ ਮਿਲੀ ਰਸੀਦ ਅਤੇ ਖਰੀਦ ਪੇਜ 'ਤੇ ਕਨਫਰਮੇਸ਼ਨ ਦੀ ਸੂਚਨਾ ਸ਼ਾਮਲ ਹੈ। ਉਹ ਇਸ਼ਤਿਹਾਰਾਂ ਨੂੰ ਮੋਬਾਈਲ ਐਪ 'ਤੇ ਤੁਹਾਡੇ ਹੋਮ ਪੇਜ 'ਤੇ ਹੁਣ ਨਹੀਂ ਦਰਸਾਏਗਾ।

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Honesty, Reliability, Commitment
Hira Randhawa
Broker
HomeLife SilverCity
- 1 yr Home Warranty
- 40% Discount on Brand Name
- Appliances & Furniture
- Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$634,900 — Sandalwood & Conestoga — Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.
$729,900 — Dixie/Octillo — Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!
$739,913 — Charleston Side Rd/Main St. — Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.
$775,000 — Charolais/Chinguacousy Rd — Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For:
RESP, SUPER -VISA,& TRAVEL
Insurance
H. Randhawa
416-319-0551

MICHELIN · Hankook · Continental · ROADLUX · BFGoodrich · AEOLUS · COMPASAL · Chevron Delo
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟੱਰਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT
BRAND NEW MACHINES 2018
Brake & Drum - On Special Sale! Made in U.S
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਕਾਂਗਰਸ ਪੱਖੀਆਂ ਦੀ ਸ਼ਰਾਬ ਬਾਰੇ 9 ਘੰਟੇ ਧਰਨੇ ਪਿੱਛੋਂ ਪੁਲਿਸ ਨੂੰ ਕਾਰਵਾਈ ਕਰਨੀ ਪਈ

***ਬਠਿੰਡੇ ਵਿੱਚ ਪੈਸੇ ਵੰਡਣ ਦੇ ਦੋਸ਼ ਵਿੱਚ ਅਕਾਲੀ ਆਗੂ ਫੜਿਆ**

ਸਮਾਣਾ, 20 ਮਈ, (ਪੋਸਟ ਬਿਊਰੋ)- ਪਟਿਆਲਾ-ਸਮਾਣਾ ਰੋਡ ਉੱਤੇ ਸਮਾਣਾ ਸਦਰ ਥਾਣੇ ਹੇਠਲੇ ਪਿੰਡ ਫਤਹਿਪੁਰ ਦੇ ਇਕ ਸ਼ੈਲਰ ਵਿੱਚ ਕੱਲ੍ਹ ਰਾਤ ਭਾਰੀ ਮਾਤਰਾ ਵਿਚ ਸ਼ਰਾਬ ਮਿਲਣ ਮਗਰੋਂ 9 ਘੰਟੇ ਤਕ ਤਨਾਅ ਬਣਿਆ ਰਿਹਾ। ਅਕਾਲੀ-ਭਾਜਪਾ ਉਮੀਦਵਾਰ ਸੁਰਜੀਤ ਸਿੰਘ ਰੱਖੜਾ, ਪੰਜਾਬ ਡੈਮੋਕ੍ਰੇਟਿਕ ਅਲਾਇੰਸ (ਪੀ ਡੀ ਏ) ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ, ਆਮ ਆਦਮੀ ਪਾਰਟੀ ਤੇ ਬਸਪਾ ਦੇ ਵਰਕਰ ਵੀ ਮੌਕੇ ਉੱਤੇ ਪੁੱਜੇ ਤੇ ਪੁਲਿਸ, ਜ਼ਿਲ੍ਹਾ ਪ੍ਰਸ਼ਾਸਨ ਤੇ ਚੋਣ ਕਮਿਸ਼ਨ ਨੂੰ ਫੋਨ ਕਰ ਕੇ ਕਾਰਵਾਈ ਕਰਨ ਦੀ ਮੰਗ ਕਰਦਿਆਂ ਸਾਰੀ ਰਾਤ ਧਰਨਾ ਦਿੰਦੇ ਰਹੇ। ਸਵੇਰੇ ਨਜ਼ਦੀਕੀ ਪਿੰਡਾਂ ਦੇ ਲੋਕ ਵੀ ਆ ਗਏ ਤਾਂ ਪੁਲਿਸ ਨੇ ਸ਼ਰਾਬ ਬਰਾਮਦਗੀ ਬਾਰੇ ਸ਼ੈਲਰ ਮਾਲਕ ਉੱਤੇ ਕੇਸ ਦਰਜ ਕਰ ਲਿਆ ਹੈ।

ਇਸ ਸ਼ੈਲਰ ਵਿਚ ਸ਼ਰਾਬ ਦਾ ਭੇਦ ਅਕਾਲੀ ਦਲ ਤੇ ਪੰਜਾਬ ਜਮੂਹਰੀ ਗਠਜੋੜ ਦੇ ਉਮੀਦਵਾਰਾਂ ਵੱਲੋਂ ਰਾਤ ਰੌਲਾ ਪਾਏ ਜਾਣ ਨਾਲ ਖੁੱਲ੍ਹਾ ਸੀ। ਉਹ ਦੋਸ਼ੀ ਦੇ ਖਿਲਾਫ ਕਾਰਵਾਈ ਦੀ ਮੰਗ ਲਈ ਦੇਰ ਰਾਤ ਤੱਕ ਧਰਨਾ ਲਾ ਕੇ ਬੈਠੇ ਰਹੇ ਤੇ ਸ਼ਨਿਚਰਵਾਰ ਸਵੇਰੇ ਪੁਲਿਸ ਨੇ ਸ਼ੈਲਰ ਮਾਲਕ ਉੱਤੇ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕੀਤੀ। ਸ਼ੈਲਰ ਤੋਂ 52 ਪੇਟੀਆਂ ਅੰਗਰੇਜ਼ੀ ਅਤੇ 177 ਪੇਟੀਆਂ ਹਰਿਆਣਾ ਮਾਰਕਾ ਸ਼ਰਾਬ ਮਿਲੀ ਸੀ। ਪਤਾ ਲੱਗਾ ਹੈ ਕਿ ਪੀ ਡੀ ਏ ਗੱਠਜੋੜ ਤੇ ਅਕਾਲੀ ਦਲ ਦੇ ਵਰਕਰਾਂ ਨੂੰ ਸੂਚਨਾ ਮਿਲੀ ਕਿ ਵਿਰੋਧੀ ਪਾਰਟੀ ਨੇ ਚੋਣਾਂ ਵਿਚ ਵੋਟਰਾਂ ਨੂੰ ਵੰਡਣ ਲਈ ਸਮਾਣਾ-ਪਟਿਆਲਾ ਰੋਡ ਉੱਤੇ ਪਿੰਡ ਫ਼ਤਹਿਪੁਰ ਨੇੜੇ ਸ਼ੈਲਰ ਵਿੱਚ ਸ਼ਰਾਬ ਰੱਖੀ ਹੈ। ਇਹ ਸੂਚਨਾ ਉਨ੍ਹਾਂ ਨੇ ਪਾਰਟੀ ਉਮੀਦਵਾਰਾਂ ਨੂੰ ਦਿੱਤੀ ਤਾਂ ਉਹ ਪੁਲਿਸ ਨਾਲ ਮੌਕੇ ਉੱਤੇ ਪੁੱਜੇ। ਸ਼ੈਲਰ ਮਾਲਕਾਂ ਵੱਲੋਂ ਅੰਦਰ ਨਾ ਵੜਨ ਦੇਣ ਤੇ ਪੁਲਿਸ ਵੱਲੋਂ ਕਾਰਵਾਈ ਨਾ ਕਰਨ ਕਰ ਕੇ ਦੋਵਾਂ ਧਿਰਾਂ ਦੇ ਵਰਕਰਾਂ ਨੇ ਸ਼ੈਲਰ ਅੱਗੇ ਜਾਮ ਲਾ ਦਿੱਤਾ।

ਚੋਣ ਕਮਿਸ਼ਨ ਨੇ ਇਸ ਸ਼ੈਲਰ ਤੋਂ ਸ਼ਰਾਬ ਫੜਨ ਦੀ ਦੇਰ ਨਾਲ ਹੋਈ ਕਾਰਵਾਈ ਦਾ ਨੋਟਿਸ ਲਿਆ ਹੈ। ਪੰਜਾਬ ਦੇ ਮੁੱਖ ਚੋਣ ਅਫਸਰ ਡਾ. ਕਰੁਣਾ ਰਾਜੂ ਨੇ ਸਮਾਣਾ ਦੇ ਡੀ ਐੱਸ ਪੀ ਅਤੇ ਐੱਸ ਐੱਚ ਓ ਦੀ ਬਦਲੀ ਕਰ ਦਿੱਤੀ ਹੈ।

ਇਸ ਦੌਰਾਨ ਬਠਿੰਡੇ ਚੋਣ ਹਲਕੇ ਵਿੱਚ ਦਿੱਲੀ ਤੋਂ ਆਏ ਅਕਾਲੀ ਆਗੂ ਨਿਸ਼ਾਨ ਸਿੰਘ ਨੂੰ ਕਾਂਗਰਸ ਵਾਲਿਆਂ ਨੇ ਫੜ ਕੇ ਪੁਲਿਸ ਦੇ ਹਵਾਲੇ ਕੀਤਾ ਹੈ। ਉਸ ਉੱਤੇ ਵੋਟਰਾਂ ਨੂੰ ਪੈਸੇ ਵੰਡਣ ਦਾ ਦੋਸ਼ ਹੈ। ਅਕਾਲੀ ਵਰਕਰਾਂ ਨੇ ਪੈਸੇ ਵੰਡਣ ਦੇ ਦੋਸ਼ਾਂ ਨੂੰ ਗੱਲ ਕਿਹਾ ਹੈ। ਕਾਂਗਰਸ ਆਗੂ ਅਨਿਲ ਭੋਲਾ ਨੇ ਕਿਹਾ ਕਿ ਦਿੱਲੀ ਦਾ ਅਕਾਲੀ ਆਗੂ ਨਿਸ਼ਾਨ ਸਿੰਘ, ਜੋ ਖੁਦ ਨੂੰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਦੱਸਦਾ ਹੈ, ਅਕਾਲੀਆਂ ਨਾਲ ਗਲੀ ਵਿੱਚ ਵੋਟਰਾਂ ਨੂੰ ਪੈਸੇ ਵੰਡਦਾ ਸੀ, ਤਾਂ ਕਾਂਗਰਸ ਵਰਕਰਾਂ ਨੇ ਉਸ ਨੂੰ ਫੜ ਲਿਆ ਤੇ ਬਾਕੀ ਦੌੜ ਗਏ। ਇਨ੍ਹਾਂ ਲੋਕਾਂ ਵੱਲੋਂ ਪੈਸੇ ਵੰਡਣ ਦੀ ਵੀਡੀਓ ਵੀ ਬਣਾਈ ਗਈ ਹੈ। ਫੜੇ ਗਏ ਵਿਅਕਤੀ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ ਹੈ। ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਵਿਧਾਇਕ ਸਰੂਪ ਚੰਦ ਸਿੰਗਲਾ ਦਾ ਕਹਿਣਾ ਹੈ ਕਿ ਅਕਾਲੀ ਵਰਕਰ ਵੋਟਾਂ ਮੰਗਦੇ ਸਨ, ਪੈਸੇ ਵੰਡਣ ਦਾ ਦੋਸ਼ ਬਿਲਕੁਲ ਝੂਠਾ ਹੈ, ਸਗੋਂ ਇਸ ਮੌਕੇ ਕਾਂਗਰਸੀ ਵਰਕਰਾਂ ਨੇ ਹਮਲਾ ਕਰ ਕੇ ਉਸ ਨਾਲ ਕੁੱਟਮਾਰ ਕੀਤੀ ਤੇ ਉਸ ਦੀ ਪਗੜੀ ਉਤਾਰ ਦਿੱਤੀ ਸੀ। ਡੀ ਐੱਸ ਪੀ ਗੁਰਜੀਤ ਸਿੰਘ ਰੋਮਾਣਾ ਨੇ ਕਿਹਾ ਕਿ ਅਕਾਲੀ ਆਗੂ ਨਿਸ਼ਾਨ ਸਿੰਘ ਪੁਲਿਸ ਦੀ ਹਿਰਾਸਤ ਵਿੱਚ ਹੈ ਅਤੇ ਸ਼ਿਕਾਇਤ ਦੀ ਪੜਤਾਲ ਕੀਤੀ ਜਾ ਰਹੀ ਹੈ।

# ਅਮਰੀਕਾ ਵਿੱਚ ਪੰਜਾਬੀ ਵੱਲੋਂ ਦੋ ਬੱਚੇ ਕਾਰ 'ਚ ਸਾੜਨ ਤੋਂ ਬਾਅਦ ਖੁਦਕੁਸ਼ੀ

ਸਿਆਟਲ, 20 ਮਈ (ਪੋਸਟ ਬਿਊਰੋ)- ਅਮਰੀਕਾ ਦੇ ਟੈਕਸਾਸ ਸੂਬੇ ਦੇ ਡੈਲਸ ਸ਼ਹਿਰ ਦੇ ਫੋਰਟਵਰਥ 'ਚ ਰਹਿਣ ਵਾਲੇ ਇਕ ਪੰਜਾਬੀ ਮਨਦੀਪ ਸਿੰਘ (37) ਨੇ ਆਪਣੇ ਦੋ ਮਾਸੂਮ ਬੱਚਿਆਂ ਨੂੰ ਕਾਰ ਸਮੇਤ ਅੱਗ ਲਾ ਕੇ ਸਾੜ ਦਿੱਤਾ ਤੇ ਖੁਦ ਨੂੰ ਵੀ ਗੋਲੀ ਮਾਰ ਲਈ, ਜਿਸ ਦਾ ਕਾਰਨ ਪਤਾ ਨਹੀਂ ਲੱਗ ਸਕਿਆ। ਮਿਲੀ ਜਾਣਕਾਰੀ ਅਨੁਸਾਰ ਦੋ ਮਾਸੂਮ ਬੱਚੇ ਮੇਹਰ ਕੌਰ ਵੜਿੰਗ (ਤਿੰਨ) ਅਤੇ ਅਜੀਤ ਸਿੰਘ ਵੜਿੰਗ ਦੀਆਂ ਲਾਸ਼ਾਂ ਸੜੀ ਹੋਈ ਕਾਰ ਦੀ ਪਿਛਲੀ ਸੀਟ ਤੋਂ ਮਿਲੀਆਂ ਹਨ। ਘਟਨਾ ਸਥਾਨ ਤੋਂ ਥੋੜ੍ਹੀ ਦੂਰੀ ਉੱਤੇ ਕਾਤਲ ਮਨਦੀਪ ਸਿੰਘ ਦੀ ਲਾਸ਼ ਵੀ ਮਿਲ ਗਈ ਹੈ। ਇਸ ਬਾਰੇ ਕੁਕ ਕਾਊਂਟੀ ਸ਼ੈਰਿਫ ਦੇ ਜਾਂਚ ਅਧਿਕਾਰੀ ਨੇ ਮੌਤ ਦੇ ਕਾਰਨ ਦੱਸਣ ਤੋਂ ਇਨਕਾਰ ਕਰਦਿਆਂ ਇਸ ਨੂੰ ਹੱਤਿਆ ਖੁਦਕੁਸ਼ੀ ਦਾ ਮਾਮਲਾ ਮੰਨਿਆ ਹੈ। ਉਨ੍ਹਾਂ ਦੱਸਿਆ ਕਿ ਸੜੀ ਕਾਰ ਨੂੰ ਵੇਖਣ ਤੋਂ ਲੱਗਦਾ ਹੈ ਕਿ ਇਸ ਨੂੰ ਜਾਣਬੁੱਝ ਕੇ ਅੱਗ ਲਾਈ ਗਈ ਹੈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਤਿੰਨਾਂ ਦੀਆਂ ਲਾਸ਼ਾਂ ਨੂੰ ਪੋਸਟ ਮਾਰਟਮ ਲਈ ਡੈਲਸ ਦੇ ਸਾਊਥ ਵੈਸਟ ਇੰਸਟੀਚਿਊਟ ਆਫ ਫੋਰੈਂਸਿਕ ਸਾਇੰਸ 'ਚ ਭੇਜ ਦਿੱਤਾ ਹੈ, ਜਿਸ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਕੁਝ ਕਿਹਾ ਜਾ ਸਕੇਗਾ। ਉਨ੍ਹਾਂ ਦੱਸਿਆ ਕਿ ਹੱਤਿਆਰੇ ਮਨਦੀਪ ਸਿੰਘ ਦੀ ਲਾਸ਼ ਵੇਖਣ 'ਤੇ ਲੱਗਦਾ ਹੈ ਕਿ ਉਸ ਨੇ ਖੁਦ ਨੂੰ ਗੋਲੀ ਮਾਰੀ ਹੈ। ਜ਼ਿਕਰ ਯੋਗ ਹੈ ਕਿ ਮਨਦੀਪ ਸਿੰਘ ਆਪਣੀ ਪਤਨੀ ਨਰਿੰਦਰਪਾਲ ਕੌਰ ਨਾਲ ਵਿਆਹ ਕਰਵਾਉਣ ਤੋਂ ਬਾਅਦ ਅਮਰੀਕਾ ਆਇਆ ਸੀ ਤੇ ਇਥੇ ਹੀ ਦੋਵਾਂ ਬੱਚਿਆਂ ਦਾ ਜਨਮ ਹੋਇਆ ਸੀ। ਦੋਵਾਂ ਦਾ ਵਿਆਹੁਤਾ ਜੀਵਨ ਏਨਾ ਵਧੀਆ ਨਹੀਂ ਸੀ, ਜਿਸ ਕਾਰਨ ਦੋਵਾਂ ਨੇ ਤਲਾਕ ਲਿਆ ਸੀ।

### ਮੋਦੀ ਕਲੀਨ ਚਿੱਟ ਮਾਮਲਾ

# ਚੋਣ ਕਮਿਸ਼ਨਰ ਲਾਵਾਸਾ ਨੇ ਮੀਟਿੰਗਾਂ ਵਿੱਚ ਜਾਣ ਤੋਂ ਨਾਂਹ ਕੀਤੀ

ਨਵੀਂ ਦਿੱਲੀ, 20 ਮਈ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵਾਰ-ਵਾਰ ਕਲੀਨ ਚਿੱਟ ਦੇਣ ਤੋਂ ਨਾਰਾਜ਼ ਹੋਏ ਚੋਣ ਕਮਿਸ਼ਨਰ ਅਸ਼ੋਕ ਲਾਵਾਸਾ ਨੇ ਚੋਣ ਕਮਿਸ਼ਨ ਦੀਆਂ ਮੀਟਿੰਗਾਂ ਵਿੱਚ ਨਾ ਜਾਣ ਦਾ ਫੈਸਲਾ ਕੀਤਾ ਹੈ।



ਪਤਾ ਲੱਗਾ ਹੈ ਕਿ ਚੋਣ ਕਮਿਸ਼ਨਰ ਅਸ਼ੋਕ ਲਵਾਸਾ ਦਾ ਕਹਿਣਾ ਹੈ ਕਿ ਚੋਣ ਜ਼ਾਬਤੇ ਦੀ ਉਲੰਘਣਾ ਦੇ ਕੇਸਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਲੀਨ ਚਿੱਟਾਂ ਦਿੱਤੇ ਜਾਣ ਬਾਰੇ ਲਏ ਜਾਂਦੇ ਫੈਸਲੇ ਸਮੇਂ ਉਨ੍ਹਾਂ ਨੇ ਇਸ ਉੱਤੇ ਸਹਿਮਤੀ ਨਹੀਂ ਸੀ ਜਤਾਈ, ਪਰ ਇਸ ਨੂੰ ਰਿਕਾਰਡ ਨਹੀਂ ਕੀਤਾ ਗਿਆ, ਇਸ ਲਈ ਮੁੱਖ ਕਮਿਸ਼ਨ ਦੀਆਂ ਮੀਟਿੰਗਾਂ ਵਿੱਚ ਸ਼ਾਮਲ ਹੋਣਾ ਵੀ ਠੀਕ ਨਹੀਂ। ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਖਬਰ ਆਈ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਲੀਨ ਚਿੱਟ ਦਿੱਤੇ ਜਾਣ ਉੱਤੇ ਚੋਣ ਕਮਿਸ਼ਨਰ ਅਸ਼ੋਕ ਲਾਵਾਸਾ ਨੇ ਇਤਰਾਜ਼ ਕੀਤਾ ਤੇ ਉਨ੍ਹਾਂ ਨੇ ਮੁੱਖ ਚੋਣ ਕਮਿਸ਼ਨਰ ਨੂੰ ਇਸ ਬਾਰੇ ਵਿੱਚ ਵਿਰੋਧ ਦਾ ਇੱਕ ਪੱਤਰ ਲਿਖਿਆ ਸੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਦੇ 6 ਕੇਸਾਂ ਦੀ ਕਲੀਨ ਚਿੱਟ ਦਿੱਤੀ ਗਈ ਹੈ, ਪਰ ਕਈ ਹੋਰ ਕੇਸ ਪੈਂਡਿੰਗ ਹਨ। ਕਾਂਗਰਸ ਪਾਰਟੀ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਖਿਲਾਫ 11 ਕੇਸਾਂ ਦੀ ਸ਼ਿਕਾਇਤ ਕੀਤੀ ਗਈ ਹੈ। ਮੁੱਖ ਚੋਣ ਕਮਿਸ਼ਨਰ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਨਾ ਕਿਸੇ ਕੇਸ ਦਾ ਨੋਟਿਸ ਜਾਰੀ ਕੀਤਾ ਤੇ ਨਾ ਉਨ੍ਹਾਂ ਸ਼ਿਕਾਇਤਾਂ ਨੂੰ ਆਪਣੀ ਵੈੱਬਸਾਈਟ ਉੱਤੇ ਪਾਇਆ ਹੈ। ਇਸ ਤੋਂ ਇਲਾਵਾ ਕਲੀਨ ਚਿੱਟ ਬਾਰੇ ਕੋਈ ਹੁਕਮ ਵੀ ਜਾਰੀ ਨਹੀਂ ਕੀਤਾ, ਜਦ ਕਿ ਚੋਣ ਜ਼ਾਬਤੇ ਦੀ ਉਲੰਘਣਾ ਨਾਲ ਜੁੜੇ ਹੋਰ ਸਾਰੇ ਆਦੇਸ਼ ਅਪਲੋਡ ਕੀਤੇ ਗਏ ਹਨ। ਇਸ ਦੇ ਬਾਅਦ ਚੋਣ ਕਮਿਸ਼ਨਰ ਲਾਵਾਸਾ ਦਾ ਪੱਤਰ ਮਿਲਣ ਉੱਤੇ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਉਨ੍ਹਾਂ ਨਾਲ ਬੈਠਕ ਕੀਤੀ ਸੀ, ਪਰ ਚੋਣ ਕਮਿਸ਼ਨਰ ਲਾਵਾਸਾ ਦੀ ਹਾਲੇ ਤੱਕ ਤਸੱਲੀ ਨਹੀਂ ਹੋਈ, ਇਸ ਲਈ ਉਨ੍ਹਾਂ ਨੇ ਮੁੱਖ ਚੋਣ ਕਮਿਸ਼ਨਰ ਦੀਆਂ ਮੀਟਿੰਗਾਂ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ।

ਲੋਕ ਸਭਾ ਚੋਣਾਂ ਦੀ ਚੱਲਦੀ ਪ੍ਰਕਿਰਿਆ ਦੌਰਾਨ ਚੋਣ ਕਮਿਸ਼ਨ ਦੇ ਅੰਦਰੂਨੀ ਮਤਭੇਦ ਜ਼ਾਹਰ ਹੋਣ ਤੋਂ ਬਾਅਦ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਬਿਆਨ ਦਿੱਤਾ ਹੈ ਕਿ ਜ਼ਰੂਰੀ ਨਹੀਂ ਕਿ ਕਮਿਸ਼ਨ ਦੇ ਸਾਰੇ ਮੈਂਬਰ ਇਕੋ ਜਿਹਾ ਸੋਚਣ। ਵਿਵਾਦ ਦਾ ਮੁੱਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਦੇ ਕੇਸ ਵਿੱਚ ਚੋਣ ਕਮਿਸ਼ਨ ਤੋਂ ਕਲੀਨ ਚਿੱਟ ਦਿੱਤੇ ਜਾਣਾ ਹੈ। ਬਿਆਨ ਦੇ ਮੁਤਾਬਕ ਮੀਡੀਆ ਦੇ ਕੁਝ ਹਿੱਸਿਆਂ ਵਿੱਚ ਅੱਜ ਚੋਣ ਜ਼ਾਬਤੇ ਬਾਰੇ ਚੋਣ ਕਮਿਸ਼ਨ ਦੇ ਅੰਦਰੂਨੀ ਕੰਮਾਂ ਵਿੱਚ ਅਜਿਹੇ ਵਿਵਾਦ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਨੂੰ ਟਾਲਿਆ ਜਾ ਸਕਦਾ ਸੀ। ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਕਿਹਾ ਹੈ ਕਿ ਉਨ੍ਹਾਂ ਨੇ ਜਨਤਕ ਬਹਿਸ ਤੋਂ ਕਦੇ ਗੁਰੇਜ਼ ਨਹੀਂ ਕੀਤਾ, ਪਰ ਹਰ ਚੀਜ਼ ਦਾ ਸਮਾਂ ਹੁੰਦਾ ਹੈ। ਇਹ ਵਿਵਾਦ ਓਦੋਂ ਪੈਦਾ ਹੋਇਆ ਹੈ, ਜਦੋਂ ਕਮਿਸ਼ਨ ਇਨ੍ਹਾਂ ਚੋਣਾਂ ਦੇ ਅੰਤਲੇ ਪੜਾਅ ਦੀ ਵੋਟਿੰਗ ਦੀ ਤਿਆਰੀ ਵਿੱਚ ਸੀ, ਇਸ ਤੋਂ ਪਹਿਲੇ ਸਾਰੇ ਪੜਾਵਾਂ ਦੀ ਵੋਟਿੰਗ ਦਾ ਕੰਮ ਸ਼ਾਤੀਪੂਰਨ ਤੇ ਪਾਰਦਰਸ਼ੀ ਢੰਗ ਨਾਲ ਪੂਰਾ ਕਰਵਾਇਆ ਹੈ। ਮੁੱਖ ਚੋਣ ਕਮਿਸ਼ਨਰ ਨੇ ਕਿਹਾ ਉਨ੍ਹਾਂ ਦੇ ਸਾਰੇ ਮੈਂਬਰ ਇੱਕੋ ਜਿਹੇ ਨਹੀਂ ਹੁੰਦੇ, ਬੀਤੇ ਵਿੱਚ ਵੀ ਉਨ੍ਹਾਂ ਦੀ ਸਲਾਹ ਕਈ ਕੇਸਾਂ ਵਿੱਚ ਵੱਖੋ-ਵੱਖ ਰਹੀ ਹੈ ਤੇ ਹੋਣਾ ਵੀ ਚਾਹੀਦਾ ਹੈ, ਪਰ ਅਸੀਂ ਕਮਿਸ਼ਨ ਦੇ ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਦੇ ਦਾਇਰੇ ਵਿੱਚ ਫੈਸਲੇ ਲੈਂਦੇ ਹਾਂ।

# ਇਮਰਾਨ ਦਾ ਪਾਕਿਸਤਾਨ ਵਿੱਚ ਤੇਲ ਭੰਡਾਰ ਨਿਕਲਣ ਦਾ ਦਾਅਵਾ ਝੂਠਾ ਨਿਕਲਿਆ

ਇਸਲਾਮਾਬਾਦ, 20 ਮਈ (ਪੋਸਟ ਬਿਊਰੋ)- ਵਿੱਤੀ ਸੰਕਟ ਤੋਂ ਬਾਅਦ ਮਹਿੰਗਾਈ ਨਾਲ ਜੂਝ ਰਹੇ ਪਾਕਿ-ਸਤਾਨ ਦੀਆਂ ਮੁਸ਼ਕਲਾਂ ਘੱਟ ਨਹੀਂ ਹੋ ਰਹੀਆਂ ਹਨ। ਮੀਡੀਆ ਰਿਪੋਰਟਾਂ ਮੁਤਾਬਕ ਪਾਕਿਸਤਾਨ ਵੱਲੋਂ ਅਰਬ ਸਾਗਰ 'ਚ ਕੀਤੀ ਜਾ ਰਹੀ ਕੱਚੇ ਤੇਲ ਦੀ ਖੋਜ ਬੇਕਾਰ ਚਲੀ ਗਈ ਹੈ। ਇਥੇ ਤੇਲ ਦਾ ਕੋਈ ਭੰਡਾਰ ਨਹੀਂ ਮਿਲਿਆ ਹੈ ਅਤੇ ਦਾਅਵਾ ਕੀਤਾ ਗਿਆ ਹੈ ਕਿ ਅੱਜ ਤੋਂ ਤੇਲ ਖੋਜ ਦਾ ਕੰਮ ਵੀ ਬੰਦ ਕਰ ਦਿੱਤਾ ਗਿਆ ਹੈ।



ਇਸ ਸਾਲ ਮਾਰਚ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਸੀ ਕਿ ਪਾਕਿਸਤਾਨ ਨੂੰ ਅਰਬ ਸਾਗਰ ਵਿੱਚ ਤੇਲ ਤੇ ਗੈਸ ਦਾ ਵੱਡਾ ਭੰਡਾਰ ਮਿਲਣ ਵਾਲਾ ਹੈ। ਉਨ੍ਹਾ ਨੇ ਦਾਅਵਾ ਕੀਤਾ ਸੀ ਕਿ ਇਹ ਪਾਕਿ-ਸਤਾਨ ਲਈ ਜੈਕਪਾਟ ਨਿਕਲਣ ਵਾਂਗ ਹੈ ਅਤੇ ਇਸ ਨਾਲ ਉਨ੍ਹਾਂ ਦੇ ਦੇਸ਼ ਦੀਆਂ ਸਾਰੀਆਂ ਆਰਥਿਕ ਸਮੱਸਿਆਵਾਂ ਮੁੱਕ ਜਾਣਗੀਆਂ। ਇਮ-ਰਾਨ ਨੇ ਕਿਹਾ ਸੀ ਕਿ ਡ੍ਰਿਲਿੰਗ ਦਾ ਕਾਰਜ ਜਲਦ ਪੂਰਾ ਹੋ ਜਾਵੇਗਾ, ਪਰ ਇਹ ਕਾਰਜ ਪੂਰਾ ਹੋਣ 'ਤੇ ਪਾਕਿ-ਸਤਾਨ ਨੂੰ ਵੱਡੀ ਨਿਰਾਸ਼ਾ ਹੱਥ ਲੱਗੀ ਹੈ। ਪੈਟਰੋਲੀਅਮ ਮਾਮਲਿਆਂ ਬਾਰੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਵਿਸ਼ੇਸ਼ ਸਹਾਇਕ ਨਦੀਮ ਬਾਬਰ ਦੇ ਹਵਾਲੇ ਨਾਲ ਆਈਆਂ ਖਬਰਾਂ ਵਿੱਚ ਕਿਹਾ ਗਿਆ ਹੈ ਕਿ ਪਾਕਿਸਤਾਨ ਦੇ ਅਧਿਕਾਰ ਖੇਤਰ ਵਾਲੇ ਅਰਬ ਸਾਗਰ ਵਿੱਚ ਕਰਾਚੀ ਨੇੜੇ 5500 ਮੀਟਰ ਡੂੰਘਾਈ ਤੱਕ ਤੇਲ ਖੋਜ ਦਾ ਕੰਮ ਪੂਰਾ ਹੋ ਗਿਆ ਹੈ। ਇਸ ਖੇਤਰ ਨੂੰ ਕੇਕੜਾ-1 ਨਾਂਅ ਦਿੱਤਾ ਗਿਆ ਹੈ। ਬਾਬਰ ਦੇ ਹਵਾਲੇ ਨਾਲ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਇਸ ਖੇਤਰ 'ਚ ਤੇਲ ਜਾਂ ਗੈਸ ਦਾ ਕੋਈ ਭੰਡਾਰ ਨਹੀਂ ਮਿਲਿਆ ਅਤੇ ਡੀ ਜੀ ਪੈਟਰੋਲੀਅਮ ਨੂੰ ਇਸ ਖੋਜ ਦੇ ਨਤੀਜਿਆਂ ਤੋਂ ਜਾਣੂ ਕਰਵਾ ਦਿੱਤਾ ਗਿਆ ਹੈ। ਇਸ ਤੇਲ ਖੋਜ ਦੇ ਕਾਰਜ 'ਤੇ ਕਰੀਬ 100 ਮਿਲੀਅਨ ਡਾਲਰ ਦਾ ਖਰਚ ਆਇਆ ਹੈ।

ਇਟਲੀ ਦੀ ਅੰਤਰਰਾਸ਼ਟਰੀ ਆਇਲ ਐਕਸਪਲੋਰੇਸ਼ਨ ਕੰਪਨੀ ਈ ਐੱਨ ਆਈ ਪਾਕਿਸਤਾਨ ਵਿੱਚ ਕਰਾਚੀ ਕੋਲ ਅਰਬ ਸਾਗਰ ਵਿੱਚ ਤੇਲ ਤੇ ਗੈਸ ਦੀ ਖੋਜ ਲਈ ਡ੍ਰਿਲਿੰਗ ਦਾ ਕੰਮ ਕਰ ਰਹੀ ਸੀ। ਇਸ ਕੰਮ ਵਿੱਚ ਅਮਰੀਕਾ ਦੀ ਵੱਡੀ ਆਇਲ ਐਂਡ ਗੈਸ ਐਕਸਪਲੋਰੇਸ਼ਨ ਕੰਪਨੀ ਐਕਜੋਨਮੋਬਿਲ ਪਾਕਿਸਤਾਨ ਦੀ ਆਇਲ ਐਂਡ ਗੈਸ ਡਿਵੈਲਪਮੈਂਟ ਕੰਪਨੀ ਲਿਮਟਿਡ ਅਤੇ ਪਾਕਿਸਤਾਨ ਪੈਟਰੋਲੀਅਮ ਲਿਮਟਿਡ ਵੀ ਸਹਿਯੋਗ ਦੇ ਰਹੀਆਂ ਸਨ। ਡ੍ਰਿਲਿੰਗ ਦਾ ਕਾਰਜ ਕਰਾਚੀ ਕੋਸਟ ਤੋਂ 280 ਕਿਲੋਮੀਟਰ ਦੂਰ ਕੀਤਾ ਜਾ ਰਿਹਾ ਸੀ।

# ਐੱਨ ਆਰ ਆਈ ਕਮਿਸ਼ਨ ਕਾਨੂੰਨੀ ਅਧਿਕਾਰਾਂ ਦੀ ਹੱਦ ਲੰਘ ਰਿਹੈ: ਹਾਈ ਕੋਰਟ

ਚੰਡੀਗੜ੍ਹ, 20 ਮਈ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਕੱਲ੍ਹ ਪਟੀਸ਼ਨ 'ਤੇ ਸੁਣਵਾਈ ਦੌਰਾਨ ਪੰਜਾਬ ਐੱਨ ਆਰ ਆਈ ਕਮਿਸ਼ਨ ਉੱਤੇ ਕਰੜੀ ਟਿੱਪਣੀ ਕਰਦੇ ਹੋਏ ਕਿਹਾ ਕਿ ਕਮਿਸ਼ਨ ਨੂੰ ਕਿਸੇ ਅਪਰਾਧਕ ਕੇਸ ਵਿੱਚ ਪੁਲਸ ਨੂੰ ਕੇਸ ਦਰਜ ਕਰਨ, ਜਾਂਚ ਪੂਰੀ ਕਰਨ ਜਾਂ ਪੁਲਸ ਰਿਪੋਰਟ ਦਾਇਰ ਕਰਨ ਦੇ ਹੁਕਮ ਜਾਰੀ ਕਰਨ ਦਾ ਅਧਿਕਾਰ ਨਹੀਂ ਹੈ, ਕਮਿਸ਼ਨ ਅਜਿਹਾ ਕਰ ਕੇ ਆਪਣੇ ਕਾਨੂੰਨੀ ਅਧਿਕਾਰਾਂ ਦੀ ਹੱਦ ਲੰਘ ਰਿਹਾ ਹੈ।



ਅੰਮ੍ਰਿਤਸਰ ਦੇ ਇੱਕ ਡਾਕਟਰ ਜੋੜੇ ਦੇ ਵਿਆਹ ਦੇ ਵਿਵਾਦ ਵਿੱਚ ਪੰਜਾਬ ਐੱਨ ਆਰ ਆਈ ਕਮਿਸ਼ਨ ਵੱਲੋਂ 23 ਅਕਤੂਬਰ 2017 ਨੂੰ ਜਾਰੀ ਕੀਤੇ ਹੁਕਮਾਂ ਨੂੰ ਰੱਦ ਕਰਦੇ ਹੋਏ ਜਸਟਿਸ ਹਰੀ ਪਾਲ ਵਰਮਾ ਦੀ ਬੈਂਚ ਨੇ ਸਾਫ ਕਿਹਾ ਕਿ ਘਰੇਲੂ ਹਿੰਸਾ ਦੀ ਮਹਿਲਾ ਸੁਰੱਖਿਅਤਾ ਬਾਰੇ ਐਕਟ 2005 ਹੇਠ ਕੇਸ ਦਰਜ ਕਰਨ ਦੇ ਹੁਕਮ ਨਹੀਂ ਦਿੱਤੇ ਜਾ ਸਕਦੇ। ਇਸ ਬਾਰੇ ਸਿਰਫ ਅਦਾਲਤ ਨੂੰ ਇੱਕ ਸ਼ਿਕਾਇਤ ਦਰਜ ਕਰਾਉਣ ਦੀ ਲੋੜ ਹੈ, ਜੋ ਇਸ ਕੇਸ ਵਿੱਚ ਸਥਾਨਕ ਅਦਾਲਤ ਵਿੱਚ ਵਿਚਾਰ ਅਧੀਨ ਸੀ। ਕਮਿਸ਼ਨ ਦੇ ਹੁਕਮਾਂ ਦੇ ਖਿਲਾਫ ਪਤੀ ਦੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਜਸਟਿਸ ਹਰੀ ਪਾਲ ਵਰਮਾ ਦੀ ਬੈਂਚ ਨੇ ਕਿਹਾ ਕਿ ਐੱਨ ਆਰ ਆਈ ਕਮਿਸ਼ਨ ਨੇ ਆਪਣੇ ਹੁਕਮਾਂ ਦੇ ਇੱਕ ਹਿੱਸੇ ਵਿੱਚ ਪੰਜਾਬ ਦੇ ਮੁਖੀ ਨੂੰ ਇਸ ਬਾਰੇ ਕੇਸ ਦਰਜ ਕਰਨ ਦੀ ਸਿਫਾਰਸ਼ ਕੀਤੀ ਤੇ ਦੂਸਰੇ ਹਿੱਸੇ ਵਿੱਚ ਪੁਲਸ ਨੂੰ ਤੇਜ਼ੀ ਨਾਲ ਜਾਂਚ ਕਰਨ ਅਤੇ ਆਪਣੀ ਰਿਪੋਰਟ ਦਾਇਰ ਕਰਨ ਦੇ ਹੁਕਮ ਦਿੱਤੇ। ਇਸ ਨਾਲ ਪੁਲਸ ਕੋਲ ਪਟੀਸ਼ਨਰ ਪਤੀ ਤੇ ਉਨ੍ਹਾਂ ਦੇ ਪਿਤਾ ਦੇ ਖਿਲਾਫ ਘਰੇਲੂ ਹਿੰਸਾ ਐਕਟ ਦੇ ਤਹਿਤ ਕੇਸ ਦਰਜ ਕਰਨ ਦੇ ਇਲਾਵਾ ਕੋਈ ਬਦਲ ਹੀ ਨਹੀਂ ਬਚਿਆ।




## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ ਫ਼੍ਰ ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਾਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜ਼ਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋਂ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

{ YOUR AD HERE }
Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures. E -mail: matri.response2018@gmail. com 1 mnth

